**ਸੀਨੀਅਰ ਬਲੈਕ ਓਕ ਕਲੱਬ ਨੇ ਮਨਾਇਆ ਭਾਰਤ ਦਾ ਆਜ਼ਾਦੀ ਦਿਹਾੜਾ:** ਸੀਨੀਅਰ ਬਲੈਕ ਓਕ ਕਲੱਬ ਬਰੈਂਪਟਨ ਵਲੋਂ ਬਲਿਊ ਪਾਰਕ ਵਿਖੇ 24 ਅਗਸਤ ਦਿਨ ਸ਼ਨਿਚਵਾਰ ਨੂੰ ਭਾਰਤ ਦਾ ਆਜ਼ਾਦੀ ਦਿਹਾੜਾ ਮਨਾਇਆ ਗਿਆ। ਇਸ ਦੀ ਸ਼ੁਰੂਆਤ ਕਲੱਬ ਦੇ ਪ੍ਰਧਾਨ ਆਤਮਾ ਸਿੰਘ ਬਰਾੜ, ਕਲੱਬ ਦੇ ਅਹੁਦੇਦਾਰਾਂ ਤੇ ਮੈਬਰਾਂ ਨੇ ਭਾਰਤ ਦਾ ਕੌਮੀ ਝੰਡਾ ਲਹਿਰਾ ਕੇ ਕੀਤੀ। ਕਲੱਬ ਵਲੋਂ ਇਕੱਠੇ ਹੋਏ ਮਹਿਮਾਨਾਂ ਨੂੰ ਭਾਰਤ ਦੇ ਆਜ਼ਾਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਕੈਨੇਡਾ ਦੀ ਐਮਪੀ ਰੂਬੀ ਸਹੋਤਾ, ਸ੍ਰੀ ਗੁਰਪ੍ਰੀਤ ਸਿੰਘ ਢਿੱਲੋਂ ਰੀਜਨਲ ਕੌਂਸਲਰ, ਹਰਕੀਰਤ ਸਿੰਘ ਸਿਟੀ ਕੌਂਸਲਰ, ਬਲਬੀਰ ਸੋਹੀ ਸਕੂਲ ਟਰੱਸਟੀ ਨੇ ਪਹੁੰਚ ਕੇ ਸਾਰਿਆਂ ਨੂੰ ਆਜ਼ਾਦੀ ਦਿਵਸ ਦੀਆਂ ਵਧਾਈਆਂ ਦਿੱਤੀਆ।



**ਵੇਲਜ਼ ਆਫ ਹੰਬਰ ਸੀਨੀਅਰ ਕਲੱਬ ਨੇ ਲਾਇਆ ਓਂਟਾਰੀਓ ਪਲੇਸ ਤੇ ਹਾਈਪਾਰਕ ਟੋਰਾਂਟੋਂ ਦਾ ਟੂਰ:** ਵੇਲਜ਼ ਆਫ ਹੰਬਰ ਸੀਨੀਅਰ ਵੈਲਫੇਅਰ ਕਲੱਬ ਵਲੋਂ ਬੀਤੀ 31 ਅਗਸਤ ਨੂੰ ਓਂਟਾਰੀਓ ਪਲੇਸ ਤੇ ਹਾਈਪਾਰਕ ਟੋਰਾਂਟੋ ਦਾ ਟੂਰ ਲਾਇਆ ਗਿਆ। ਇਸ ਟੂਰ ਦਾ ਪ੍ਰਬੰਧ ਕਲੱਬ ਦੇ ਪ੍ਰਧਾਨ ਸ੍ਰੀ ਅਮਰੀਕ ਸਿੰਘ ਸੰਧੂ ਵਲੋਂ ਕੀਤਾ ਗਿਆ ਸੀ। ਇਸ ਦੌਰਾਨ ਸਾਰਿਆਂ ਨੇ ਟੂਰ ਦਾ ਖੂਬ ਆਨੰਦ ਮਾਣਿਆ ਤੇ ਇਸ ਟੂਰ ਲਈ ਸ੍ਰੀ ਸੰਧੂ ਦਾ ਧੰਨਵਾਦ ਕੀਤਾ।

# ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਸਾਰਾਗੜ੍ਹੀ ਦਿਵਸ : ਡਿਪਟੀ ਕਮਿਸ਼ਨਰ



ਫ਼ਿਰੋਜ਼ਪੁਰ,5 ਸਤੰਬਰ (ਗਿਆਨ ਸਿੰਘ): ਇਤਿਹਾਸਕ ਗੁਰਦੁਆਰਾ ਸਾਰਾਗੜ੍ਹੀ ਵਿਖੇ 12 ਸਤੰਬਰ 2019 ਨੂੰ ਮਨਾਏ ਜਾਣ ਵਾਲੇ ਸ਼ਹੀਦੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਡਿਪਟੀ ਕਮਿਸ਼ਨਰ ਚੰਦਰ ਗੈਂਦ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰਦੇ ਹੋਏ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਐੱਸ.ਐੱਸ.ਪੀ. ਵਿਵੇਕਸ਼ੀਲ ਸੋਨੀ, ਵਧੀਕ ਡਿਪਟੀ ਕਮਿਸ਼ਨਰ (ਜ.) ਰਵਿੰਦਰ ਸਿੰਘ, ਐੱਸ.ਡੀ.ਐੱਮ. ਫਿਰੋਜ਼ਪੁਰ ਅਮਿਤ ਗੁਪਤਾ, ਐੱਸ.ਡੀ.ਐੱਮ. ਗੁਰੂਹਰਸਹਾਏ ਕੁਲਦੀਪ ਬਾਵਾ ਅਤੇ ਸਹਾਇਕ ਕਮਿਸ਼ਨਰ (ਜ.) ਰਣਜੀਤ ਸਿੰਘ ਵੀ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਰਾਗੜ੍ਹੀ ਦਿਵਸ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਨੂੰ ਸਮਰਪਿਤ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿਚ ਭਾਰਤੀ ਫ਼ੌਜ ਦੇ ਅਧਿਕਾਰੀਆਂ, ਸਿਵਲ ਅਤੇ ਪੁਲੀਸ ਅਧਿਕਾਰੀਆਂ ਸਮੇਤ ਵੱਡੀ ਗਿਣਤੀ ਵਿਚ ਸ਼ਰਧਾਲੂ ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ। ਉਨ੍ਹਾਂ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਪਾਣੀ, ਸਾਫ-ਸਫਾਈ, ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਸਫੇਦੀ, ਪੇਟ ਤੇ ਮੁਰੰਮਤ, ਪਾਣੀ ਦਾ ਛਿੜਕਾਅ, ਅਸਥਾਈ ਪਖਾਨਿਆਂ ਦਾ ਪ੍ਰਬੰਧ, ਮੈਡੀਕਲ ਸਹੂਲਤਾਂ, ਲੰਗਰ ਦਾ ਪ੍ਰਬੰਧ, ਟ੍ਰੈਫਿਕ ਕੰਟਰੋਲ ਅਤੇ ਬਿਜਲੀ ਸਪਲਾਈ ਆਦਿ ਪ੍ਰਬੰਧਾਂ ਨੂੰ ਯਕੀਨੀ ਬਣਾਉਣ। ਉਨ੍ਹਾਂ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ ਤੇ ਜ਼ਿੰਮੇਵਾਰੀ ਨਾਲ ਨਿਭਾਉਣ ਅਤੇ ਕਿਸੇ ਵੀ ਪ੍ਰਕਾਰ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਹਰਜਿੰਦਰ ਸਿੰਘ, ਸੈਕਟਰੀ ਜ਼ਿਲ੍ਹਾ ਪ੍ਰੀਸ਼ਦ ਗੁਰਮੀਤ ਸਿੰਘ, ਸੈਨਿਕ ਵੈੱਲਫੇਅਰ ਅਫਸਰ ਗੁਰਚਰਨ ਸਿੰਘ, ਹੈੱਡ ਗ੍ਰੰਥੀ ਸਾਰਾਗੜ੍ਹੀ ਬਾਬਾ ਪਲੰਬਰ, ਸਕੱਤਰ ਰੈੱਡ ਕਰਾਸ .ਅਸ਼ੋਕ ਬਹਿਲ, ਆਰ.ਟੀ.ਏ. ਤਰਲੋਚਨ ਸਿੰਘ, ਕਾਰਜਸਾਧਕ ਅਫਸਰ ਚਰਨਜੀਤ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

## ਸ਼ੋਕ ਸਮਾਚਾਰ

### ਮਾਤਾ ਹਰਪਾਲ ਕੌਰ ਦਿਓਲ ਸਵਰਗਵਾਸ



ਅਸੀਂ ਬੜੇ ਦੁਖੀ ਹਿਰਦੇ ਨਾਲ ਆਪ ਜੀ ਨੂੰ ਸੂਚਿਤ ਕਰਦੇ ਹਾਂ ਕਿ ਮਾਤਾ ਹਰਪਾਲ ਕੌਰ ਦਿਓਲ ਸੁਪਤਨੀ ਸੁਵਰਗਵਾਸੀ ਸਰਦਾਰ ਹਰਦੇਵ ਸਿੰਘ ਦਿਓਲ, ਪਿੰਡ ਬੁਰਜ ਹਰੀ ਸਿੰਘ ਜ਼ਿਲਾ ਲੁਧਿਆਣਾ ਆਪਣੀ 90 ਸਾਲ ਦੀ ਉਮਰ ਭੋਗ ਕੇ ਸਤੰਬਰ 2, ਸੋਮਵਾਰ ਨੂੰ ਸਵਰਗ ਸਿਧਾਰ ਗਏ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ 7 ਸਤੰਬਰ ਨੂੰ ਸਵੇਰੇ 11:00 ਵਜੇ ਤੋਂ ਸ਼ਾਮ 1:00 ਵਜੇ ਤਕ Brampton crematorium, 30 Bramwin Ct, Brampton, ON L6T 5G2 ਵਿਖੇ ਹੋਵੇਗਾ ਤੇ ਅੰਤਿਮ ਅਰਦਾਸ Brampton crematorium, 30 Bramwin Ct, Brampton, ON L6T 5G2 ਵਿਖੇ 2 ਤੋ 4 ਵਜੇ ਤੱਕ ਹੋਵੇਗੀ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
ਜਗਮੇਲ ਸਿੰਘ ਦਿਓਲ: 647-741-621, ਆਤਮਾ ਸਿੰਘ ਚਾਹਲ: 416-804-3875, ਇੰਦਰਪਾਲ ਧਾਮੀ: 905-874-0849, ਹਰਜਿੰਦਰ ਬੈਨੀਪਾਲ: 416-677-4900













# ਗੱਲਬਾਤ ਸਿਰੇ ਨਾ ਚੜ੍ਹਨ ਉੱਤੇ ਹੜਤਾਲ ਉੱਤੇ ਜਾ ਸਕਦੇ ਹਨ ਸਕੂਲ ਸਪੋਰਟ ਵਰਕਰਜ਼

...ਪੰਨਾ 1 ਦਾ ਬਾਕੀ



ਕਿਊਪ ਦੀ ਪ੍ਰੋਵਿੰਸ਼ੀਅਲ ਬਾਰਗੇਨਿੰਗ ਟੀਮ ਦੀ ਪ੍ਰੈਜ਼ੀਡੈਂਟ ਲੌਰਾ ਵਾਲਟਨ ਨੇ ਆਖਿਆ ਕਿ ਅਸੀਂ ਆਪਣੀਆਂ ਮੰਗਾਂ ਨੂੰ ਲੈ ਕੇ ਗੰਭੀਰ ਹਾਂ ਤੇ ਅਸੀਂ ਬੱਚਿਆਂ ਲਈ ਜੋ ਕਰਨਾ ਚਾਹੁੰਦੇ ਹਾਂ ਉਸ ਬਾਰੇ ਵੀ ਸਪਸ਼ਟ ਹਾਂ।

ਯੂਨੀਅਨ ਦਾ ਕਹਿਣਾ ਹੈ ਕਿ 55,000 ਮੈਂਬਰ, ਜਿਨ੍ਹਾਂ ਵਿੱਚ ਐਜੂਕੇਸ਼ਨ ਅਸਿਸਟੈਂਟਸ, ਅਰਲੀ ਚਾਈਲਡਹੁੱਡ ਐਜੂਕੇਟਰਜ਼, ਲਾਇਬ੍ਰੇਰੀ ਵਰਕਰਜ਼, ਐਡਮਨਿਸਟ੍ਰੇਟਿਵ ਅਸਿਸਟੈਂਟਸ ਤੇ ਕਸਟੋਡੀਅਨਜ਼ ਵੀ ਸ਼ਾਮਲ ਹਨ, 23 ਸਤੰਬਰ ਤੱਕ ਹੜਤਾਲ ਉੱਤੇ ਜਾ ਸਕਦੇ ਹਨ। ਵਾਲਟਨ ਨੇ ਆਖਿਆ ਕਿ ਸਕੂਲ ਤੋਂ ਬਾਅਦ, ਐਕਸਟ੍ਰਾ ਕਰੀਕੁਲਰ ਐਕਟੀਵਿਟੀਜ਼ ਤੇ ਅਨਪੇਡ ਸੇਵਾਵਾਂ ਸਤੰਬਰ ਦੇ ਅੰਤ ਤੱਕ ਵਾਪਿਸ ਲੈ ਲਈਆਂ ਜਾ ਸਕਦੀਆਂ ਹਨ। ਯੂਨੀਅਨ ਅਜੇ ਵੀ ਇਸ ਮਹੀਨੇ ਦੋ ਵਾਰੀ ਹੋਣ ਵਾਲੀ ਗੱਲਬਾਤ ਦੇ ਨਤੀਜਿਆਂ ਨੂੰ ਵੇਖਣਾ ਚਾਹੁੰਦੀ ਹੈ। ਇਸ ਦੌਰਾਨ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਅਸੀਂ ਇਸ ਬਾਬਤ ਡੀਲ ਚਾਹੁੰਦੇ ਹਾਂ।

# ਐਨਡੀਪੀ ਦਾ ਸਾਥ ਛੱਡਣ ਵਾਲਿਆਂ ਦੀ ਸੂਚੀ ਵਿੱਚ ਆਪਣਾ ਨਾਂ ਵੇਖ ਕੇ ਹੈਰਾਨ ਹਾਂ : ਫਰਾਂਸਿਜ਼ ਡੂਗੁਏ

...ਪੰਨਾ 1 ਦਾ ਬਾਕੀ

ਤੇ ਉਨ੍ਹਾਂ ਤੋਂ ਇਹ ਰਾਇ ਮੰਗੀ ਸੀ ਕਿ ਕੀ ਉਹ ਮੰਗਲਵਾਰ ਨੂੰ ਪ੍ਰੋਵਿੰਸ਼ੀਅਲ ਗ੍ਰੀਨਜ਼ ਅਤੇ ਐਨਡੀਪੀ ਦਰਮਿਆਨ ਗੱਠਜੋੜ ਦੀ ਸੰਭਾਵਨਾ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਰੱਖੀ ਮੀਟਿੰਗ ਵਿੱਚ ਹਿੱਸਾ ਲੈਣਗੇ।

ਗ੍ਰੀਨਜ਼ ਦਾ ਸਮਰਥਨ ਕਰਨ ਵਾਲੀ ਚਿੱਠੀ ਵਿੱਚ ਰਿਚਰਡਸਨ ਦਾ ਨਾਂ ਵੀ ਸ਼ਾਮਲ ਸੀ। ਇੱਥੇ ਦੱਸਣਾ ਬਣਦਾ ਹੈ ਕਿ ਰਿਚਰਡਸਨ 2018 ਵਿੱਚ ਡਿਏਪੇ ਹਲਕੇ ਤੋਂ ਐਨਡੀਪੀ ਉਮੀਦਵਾਰ ਸਨ। ਇਸ ਸਾਲ ਜੁਲਾਈ ਵਿੱਚ ਪ੍ਰੋਵਿੰਸ਼ੀਅਲ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਵੀ ਉਨ੍ਹਾਂ ਰਸਮੀ ਤੌਰ ਉੱਤੇ ਹਿੱਸਾ ਲਿਆ ਸੀ। ਪਰ ਉਨ੍ਹਾਂ ਨੂੰ ਇਸ ਲਈ ਸ਼ੁਰੂਆਤ ਵਿੱਚ ਹੀ ਉਸ ਦੌੜ ਵਿੱਚੋਂ ਬਾਹਰ ਹੋਣਾ ਪਿਆ ਕਿਉਂਕਿ ਉਹ ਉਮੀਦਵਾਰ ਸਬੰਧੀ ਮੁੱਢਲੀ ਮੁਲਾਂਕਣ ਪ੍ਰਕਿਰਿਆ ਹੀ ਪਾਸ ਨਹੀਂ ਸੀ ਕਰ ਸਕੀ। ਡੂਗੁਏ ਨੇ ਆਖਿਆ ਕਿ ਉਨ੍ਹਾਂ ਨੇ ਰਿਚਰਡਸਨ ਨੂੰ ਇਹ ਸਪਸ਼ਟ ਕਰ ਦਿੱਤਾ ਸੀ ਕਿ ਉਹ ਇਸ ਮੀਟਿੰਗ ਵਿੱਚ ਹਿੱਸਾ ਨਹੀਂ ਲੈ ਸਕਦੇ ਕਿਉਂਕਿ ਉਨ੍ਹਾਂ ਨੇ ਇੰਟਰਵਿਊ ਦੇਣ ਜਾਣਾ ਹੈ। ਡੂਗੁਏ ਨੇ ਆਖਿਆ ਕਿ ਉਹ ਮੀਟਿੰਗ ਅਸਲ ਵਿੱਚ ਪ੍ਰੈੱਸ ਕਾਨਫਰੰਸ ਨਿਕਲੀ ਜਿਸ ਵਿੱਚ ਰਿਚਰਡਸਨ ਨੇ ਇਹ ਐਲਾਨ ਕੀਤਾ ਕਿ ਉਸ ਸਮੇਤ ਐਨਡੀਪੀ ਦੇ 14 ਉਮੀਦਵਾਰ ਗ੍ਰੀਨ ਪਾਰਟੀ ਵਿੱਚ ਸ਼ਾਮਲ ਹੋਣ ਜਾ ਰਹੇ ਹਨ।

ਉਨ੍ਹਾਂ ਆਖਿਆ ਕਿ ਮੰਗਲਵਾਰ ਦੁਪਹਿਰ ਨੂੰ ਹੀ ਇਸ ਐਲਾਨ ਤੋਂ ਬਾਅਦ ਉਹ ਹੈਰਾਨ ਰਹਿ ਗਏ ਕਿ ਐਨਡੀਪੀ ਦੇ 14 ਉਮੀਦਵਾਰ ਗ੍ਰੀਨ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਉਨ੍ਹਾਂ ਆਖਿਆ ਕਿ ਇਸ ਤੋਂ ਵੀ ਵੱਡਾ ਝਟਕਾ ਵੀਰਵਾਰ ਸਵੇਰੇ ਉਨ੍ਹਾਂ ਨੂੰ ਉਦੋਂ ਲੱਗਿਆ ਜਦੋਂ ਉਨ੍ਹਾਂ ਨੂੰ ਇਹ ਪਤਾ ਲੱਗਿਆ ਕਿ ਉਨ੍ਹਾਂ ਦਾ ਨਾਂ ਵੀ ਇਸ ਸੂਚੀ ਵਿੱਚ ਸ਼ਾਮਲ ਹੈ। ਉਨ੍ਹਾਂ ਆਖਿਆ ਕਿ ਬਿਨਾਂ ਉਨ੍ਹਾਂ ਦੀ ਜਾਣਕਾਰੀ ਦੇ ਇਹ ਸੱਭ ਕਰਨਾ ਸਰਾਸਰ ਗਲਤ ਹੈ।

ਇਸ ਤੋਂ ਬਾਅਦ ਡੂਗੁਏ ਨੇ ਗ੍ਰੀਨ ਪਾਰਟੀ ਨੂੰ ਇਸ ਬਾਰੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਉਨ੍ਹਾਂ ਦੀ ਪਾਰਟੀ ਵਿੱਚ ਸ਼ਾਮਲ ਨਹੀਂ ਹੋਣ ਜਾ ਰਹੇ। ਡੂਗੁਏ ਤੋਂ ਇਲਾਵਾ ਚਾਰ ਹੋਰ ਐਨਡੀਪੀ ਉਮੀਦਵਾਰਾਂ ਨੇ ਵੀਰਵਾਰ ਦੁਪਹਿਰ ਨੂੰ ਇਹ ਬਿਆਨ ਜਾਰੀ ਕੀਤਾ ਹੈ ਕਿ ਇਸ ਸੂਚੀ ਵਿੱਚ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਹੀ ਉਨ੍ਹਾਂ ਦਾ ਨਾਂ ਸ਼ਾਮਲ ਕੀਤਾ ਗਿਆ। ਇਸ ਦੌਰਾਨ ਨਿਊ ਬਰੰਜ਼ਵਿਕ ਐਨਡੀਪੀ ਆਫਿਸ ਨੇ ਦੱਸਿਆ ਕਿ ਪਾਰਟੀ ਛੱਡਣ ਵਾਲੇ ਕਥਿਤ 14 ਐਨਡੀਪੀ ਮੈਂਬਰਾਂ ਵਿੱਚੋਂ ਸਿਰਫ ਜੌਨਾਥਨ ਤੇ ਜੌਇਸ ਰਿਚਰਡਸਨ ਦਾ ਅਸਤੀਫਾ ਹੀ ਉਨ੍ਹਾਂ ਨੂੰ ਮਿਲਿਆ ਹੈ।

ਦੂਜੇ ਪਾਸੇ ਵੀਰਵਾਰ ਨੂੰ ਮਾਂਟਰੀਅਲ ਵਿੱਚ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਐਨਡੀਪੀ ਆਗੂ ਜਗਮੀਤ ਸਿੰਘ ਨੇ ਇਹ ਦੋਸ਼ ਲਾਇਆ ਕਿ ਗ੍ਰੀਨ ਪਾਰਟੀ ਗਲਤ ਜਾਣਕਾਰੀ ਫੈਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਗ੍ਰੀਨ ਪਾਰਟੀ ਦੀ ਆਗੂ ਵੱਲੋਂ ਅਜਿਹਾ ਕਰਨ ਤੋਂ ਇਨਕਾਰ ਕੀਤਾ ਗਿਆ ਹੈ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਅਗਨ ਭੇਟ

ਜਗਰਾਓਂ, 5 ਸਤੰਬਰ (ਪੋਸਟ ਬਿਊਰੋ)- ਇਥੋਂ ਥੋੜ੍ਹੀ ਦੂਰ ਪਿੰਡ ਸ਼ੇਰਪੁਰਾ ਖੁਰਦ ਦੇ ਗੁਰਦੁਆਰਾ ਸਾਹਿਬ ਵਿੱਚ ਸ਼ਾਰਟ ਸਰਕਟ ਹੋਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਜ ਪਾਵਨ ਸਰੂਪ ਅਗਨ ਭੇਟ ਹੋਣ ਦੀ ਖਬਰ ਹੈ। ਮਿਲੀ ਜਾਣਕਾਰੀ ਅਨੁਸਾਰ ਇਹ ਘਟਨਾ ਕੱਲ੍ਹ ਸਵੇਰੇ ਵਾਪਰੀ ਤੇ ਓਦੋਂ ਪਤਾ ਲੱਗਾ ਜਦ ਸੁੱਖ ਆਸਨ ਵਾਲੇ ਕਮਰੇ ਤੋਂ ਅੱਗ ਦੀਆਂ ਲਪਟਾਂ ਬਾਹਰ ਨਿਕਲਣ ਲੱਗੀਆਂ। ਸੂਚਨਾ ਮਿਲਣ ਉਤੇ ਜਗਰਾਓਂ ਤੋਂ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਲੋਕਾਂ ਨਾਲ ਮਿਲ ਕੇ ਅੱਗ ਉੱਤੇ ਕਾਬੂ ਪਾ ਲਿਆ। ਇਸ ਦੌਰਾਨ ਪੰਜ ਸਰੂਪ ਸੜਨ ਦੇ ਇਲਾਵਾ ਕੁਝ ਗੁਟਕਾ ਸਾਹਿਬ ਤੇ ਹੋਰ ਧਾਰਮਿਕ ਸਮਗਰੀ ਦਾ ਨੁਕਸਾਨ ਹੋਣ ਦੀ ਵੀ ਜਾਣਕਾਰੀ ਮਿਲੀ ਹੈ। ਘਟਨਾ ਦੀ ਸੂਚਨਾ ਮਿਲਣ ਉੱਤੇ ਐਸ ਐਸ ਪੀ ਜਗਰਾਓਂ ਸੰਦੀਪ ਗੋਇਲ ਅਤੇ ਹੋਰ ਪੁਲਸ ਅਧਿਕਾਰੀ ਅਤੇ ਨਾਇਬ ਤਸੀਲਦਾਰ ਮਨਮੋਹਨ ਕੌਸ਼ਿਕ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਹਰਸੁਰਿੰਦਰ ਸਿੰਘ ਗਿੱਲ ਤੇ ਹੋਰ ਧਾਰਮਿਕ ਵਿਅਕਤੀ ਵੀ ਪਹੁੰਚ ਗਏ। ਇਹ ਘਟਨਾ ਸ਼ਾਰਟ ਸਰਕਟ ਕਾਰਨ ਹੋਈ ਸਮਝੀ ਜਾਂਦੀ ਹੈ।

# ਔਰਤ ਨਾਲ ਕੁੱਟਮਾਰ ਦੇ ਬਾਅਦ ਵੀਡੀਓ ਕੀਤੀ ਵਾਇਰਲ

ਪਟਿਆਲਾ, 5 ਸਤੰਬਰ (ਪੋਸਟ ਬਿਊਰੋ)- ਪਿੰਡ ਆਲਮਪੁਰ 'ਚ ਕੁਝ ਲੋਕਾਂ ਨੇ ਇਕ ਔਰਤ ਨਾਲ ਕੁੱਟਮਾਰ ਕਰਕੇ ਉਸ ਨੂੰ ਪਿੰਡ ਵਿੱਚ ਅਰਧ ਨਗਨ ਹਾਲਤ ਵਿੱਚ ਘੁਮਾਇਆ ਤੇ ਵੀਡੀਓ ਬਣਾ ਕੇ ਵਾਇਰਲ ਕਰ ਦਿੱਤੀ। ਇਸ ਸ਼ਰਮਨਾਕ ਘਟਨਾ ਵਿਰੁੱਧ ਕਿਸੇ ਨੇ ਆਵਾਜ਼ ਨਹੀਂ ਉਠਾਈ ਤੇ ਜ਼ਖਮੀ ਔਰਤ ਨੂੰ ਛੱਡ ਕੇ ਮੁਲਜ਼ਮ ਫਰਾਰ ਹੋ ਗਏ।

ਪਤਾ ਲੱਗਾ ਹੈ ਕਿ ਕੱਲ੍ਹ ਸਵੇਰੇ ਪਰਵਾਰ ਵਾਲਿਆਂ ਨੂੰ ਘਟਨਾ ਦਾ ਪਤਾ ਲੱਗਣ 'ਤੇ ਔਰਤ ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਇਸ ਦੀ ਸੂਚਨਾ ਮਿਲਣ 'ਤੇ ਬਹਾਦਰਗੜ੍ਹ ਚੌਕੀ ਦੀ ਪੁਲਸ ਨੇ ਔਰਤ ਦੇ ਬਿਆਨ ਦਰਜ ਕਰ ਕੇ ਅੰਗਰੇਜ਼ ਸਿੰਘ, ਭਾਗ ਸਿੰਘ, ਬਲਜੀਤ ਸਿੰਘ ਅਤੇ ਉਸ ਦੀ ਪਤਨੀ, ਸਵਰਨ ਸਿੰਘ, ਲਾਡਾ ਚੁਬਾਰੇ ਵਾਲਾ, ਬਿੱਟੂ ਦੀ ਪਤਨੀ, ਭਾਗ ਸਿੰਘ ਦੀ ਪਤਨੀ ਮਨਜੀਤ ਕੌਰ ਨੂੰ ਦੋਸ਼ੀ ਨਾਮਜ਼ਦ ਕੀਤਾ ਹੈ। ਦੱਸਿਆ ਗਿਆ ਹੈ ਕਿ ਜਸਵਿੰਦਰ ਕੌਰ ਤੇ ਉਸ ਦੇ ਕੁਝ ਰਿਸ਼ਤੇਦਾਰ ਇਸ ਪੀੜਤ ਔਰਤ ਖਿਲਾਫ ਕੁਝ ਮਹੀਨੇ ਪਹਿਲਾਂ ਐਸ ਐਸ ਪੀ ਨੂੰ ਸ਼ਿਕਾਇਤ ਦੇ ਕੇ ਆਏ ਸਨ ਅਤੇ ਦੋਸ਼ ਲਾਇਆ ਸੀ ਕਿ ਅੰਗਰੇਜ਼ ਸਿੰਘ ਤੇ ਹੋਰ ਲੋਕਾਂ ਨੇ ਜਨਰਲ ਕੈਟਾਗਿਰੀ ਦੇ ਹੋਣ ਦੇ ਬਾਵਜੂਦ ਐਸ ਸੀ ਕੈਟਾਗਿਰੀ ਦਾ ਫਰਜ਼ੀ ਸਰਟੀਫਿਕੇਟ ਬਣਵਾਇਆ ਹੋਇਆ ਹੈ। ਅੰਗਰੇਜ਼ ਸਿੰਘ ਦੀ ਧਿਰ ਨੇ ਵੀ ਇਨ੍ਹਾਂ ਲੋਕਾਂ ਖਿਲਾਫ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ। ਦੋਵਾਂ ਵਿਚਾਲੇ ਲੰਮੇ ਸਮੇਂ ਤੋਂ ਰੰਜਿਸ਼ ਚੱਲ ਰਹੀ ਸੀ। ਕੱਲ੍ਹ ਜਸਵਿੰਦਰ ਕੌਰ ਆਪਣੇ ਲੜਕੇ ਜੀਵਨ ਸਿੰਘ ਨਾਲ ਨੇੜਲੇ ਪਿੰਡ ਦੀ ਫਿਰਨੀ ਤੋਂ ਲੰਘ ਰਹੀ ਸੀ ਤਾਂ ਦੂਸਰੀ ਧਿਰ ਨੇ ਘੇਰ ਲਿਆ। ਦੋਸ਼ ਹੈ ਕਿ ਇਨ੍ਹਾਂ ਲੋਕਾਂ ਨੇ ਜਸਵਿੰਦਰ ਕੌਰ ਨੂੰ ਬੁਰੀ ਤਰ੍ਹਾਂ ਕੁੱਟਿਆ ਤੇ ਕੱਪੜੇ ਵੀ ਪਾੜ ਦਿੱਤੇ। ਇਸ ਤੋਂ ਬਾਅਦ ਅਰਧ ਨਗਨ ਹਾਲਤ ਵਿੱਚ ਉਸ ਨੂੰ ਪਿੰਡ ਵਿੱਚ ਘੁਮਾਇਆ ਅਤੇ ਵੀਡੀਓ ਵੀ ਬਣਾ ਕੇ ਵਾਇਰਲ ਵੀ ਕਰ ਦਿੱਤੀ। ਇਸ ਦੌਰਾਨ ਪਿੰਡ ਦੇ ਲੋਕਾਂ ਨੇ ਕੁਝ ਵੀ ਬਚਾਅ ਨਹੀਂ ਕੀਤਾ ਅਤੇ ਹਮਲਾਵਰ ਫਰਾਰ ਹੋ ਗਏ। ਬਲਬੀਰ ਸਿੰਘ ਨੇ ਕਿਹਾ ਕਿ ਜਸਵਿੰਦਰ ਕੌਰ ਦੇ ਨਾਲ ਜਾ ਕੇ ਪੁਲਸ ਨੂੰ ਦੋਸ਼ੀਆਂ ਦੇ ਖਿਲਾਫ ਸ਼ਿਕਾਇਤ ਦੇ ਕੇ ਆਏ ਸਨ। ਅੰਗਰੇਜ਼ ਸਿੰਘ ਅਤੇ ਹੋਰਾਂ ਨੇ ਵੀ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ, ਜਿਸ ਪਿੱਛੋਂ ਬਹਾਦਰਗੜ੍ਹ ਚੌਕੀ ਦੇ ਕਰਮਚਾਰੀ ਸੋਹਣ ਸਿੰਘ ਉਸ ਨੂੰ ਤੇ ਉਸ ਦੇ ਭਰਾ ਨੂੰ ਚੌਕੀ ਲੈ ਗਏ ਤੇ ਹਵਾਲਾਤ ਵਿੱਚ ਬੰਦ ਕਰ ਦਿੱਤਾ। ਇਸ ਦੌਰਾਨ ਅੰਗਰੇਜ਼ ਸਿੰਘ ਅਤੇ ਹੋਰਾਂ ਨੇ ਜਸਵਿੰਦਰ ਕੌਰ ਨੂੰ ਇਕੱਲੀ ਦੇਖ ਪਿੰਡ ਵਿੱਚ ਘੇਰ ਕੇ ਕੁੱਟਿਆ ਅਤੇ ਕੱਪੜੇ ਪਾੜ ਕੇ ਪਿੰਡ ਵਿੱਚ ਘੁੰਮਾਇਆ। ਹੰਗਾਮਾ ਹੋਣ ਤੋਂ ਬਾਅਦ ਪੁਲਸ ਨੇ ਉਨ੍ਹਾਂ ਨੂੰ ਹਵਾਲਾਤ 'ਚੋਂ ਛੱਡ ਦਿੱਤਾ। ਉਨ੍ਹਾਂ ਬਾਹਰ ਆਉਂਦਿਆਂ ਹੀ ਐਸ ਐਸ ਪੀ ਮਨਦੀਪ ਸਿੰਘ ਸਿੱਧੂ ਨੂੰ ਘਟਨਾ ਬਾਰੇ ਜਾਣਕਾਰੀ ਦਿੱਤੀ ਤੇ ਐਸ ਸੀ ਕਮਿਸ਼ਨ ਨੂੰ ਵੀਡੀਓ ਭੇਜ ਕੇ ਇਨਸਾਫ ਦੀ ਮੰਗ ਕੀਤੀ ਹੈ।

# ਜਗਤ ਪੰਜਾਬੀ ਸਭਾ ਇਕ ਅੰਤਰਰਾਸ਼ਟਰੀ ਸੰਸਥਾ




ਵੱਖ ਵੱਖ ਦੇਸ਼ਾਂ ਤੋਂ ਪੰਜਾਬੀਅਤ ਦੇ ਸੁਹਿਰਦ ਵਿਅਕਤੀਆਂ ਵਲੋਂ ਬਣਾਈ ਗਈ ਹੈ। ਪੰਜਾਬੀਅਤ ਨੂੰ ਬੜ੍ਹਾਵਾ ਦੇਣ ਦੇ ਮਕਸਦ ਨਾਲ ਬਣਾਈ ਹੈ। ਕਿਸੇ ਵੀ ਸੰਸਥਾ ਦੇ ਪਿਛੇ ਕੋਈ ਗੱਲ ਵਿਸ਼ਾ, ਸੁਧਾਰ ਜਿਸਦਾ ਕਾਰਨ ਬਣਦਾ ਹੈ। ਫਿਰ ਕੁੱਝ ਹਮਖਿਆਲ ਮਿੱਤਰ ਇਕੱਠੇ ਹੁੰਦੇ ਨੇ, ਵਿਚਾਰ ਵਿਟਾਂਦਰਾ ਹੁੰਦਾ ਹੈ, ਟੀਚੇ ਮਿਥੇ ਜਾਂਦੇ ਨੇ ਤੇ ਅੱਗੇ ਵਧਣ ਦੇ ਜ਼ਜ਼ਬੇ ਨਾਲ ਫਿਰ ਚੱਲ ਸੋ ਚੱਲ ਹੋ ਜਾਂਦੀ ਹੈ। ਜਗਤ ਪੰਜਾਬੀ ਸਭਾ ਦੇ ਬਣਾਉਣ ਦਾ ਅਸਲ ਕਾਰਨ ਕੀ ਬਣਿਆ। ਇਸ ਨਾਲ ਜਿਹੜੇ ਲੋਕ ਜੁੜੇ ਨੇ, ਉਨ੍ਹਾਂ ਦਾ ਵਿਦਿਆ ਦੇ ਮੈਦਾਨ ਵਿਚ ਕੰਮ ਬੜਾ ਸੀ। ਮਾਂ ਬੋਲੀ ਦੇ ਵਧਾਅ ਲਈ ਲੋਕਾਂ ਨੂੰ ਪ੍ਰੇਰਨਾ ਦੇ ਰਹੇ ਸਨ। ਇਹਦੇ ਨਾਲ ਨਾਲ ਸਮਾਜ ਸੇਵਾ ਦੇ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈ ਰਹੇ ਸਨ। ਜਦੋਂ ਇਹ ਇਕ ਜੈਸੇ ਲੋਕ ਮਿਲੇ ਤੇ ਇਸ ਸੰਸਥਾ *ਜਗਤ ਪੰਜਾਬੀ ਸਭਾ* ਦੀ ਨੀਂਹ ਬੱਝੀ। ਇਸਦੀ ਅਗਵਾਈ ਲਈ ਸ੍ਰ ਅਜੈਬ ਸਿੰਘ ਚੱਠਾ ਨੂੰ ਚੁਣਿਆ ਗਿਆ, ਤੇ ਫਿਰ ਹੋਰ ਵੀ ਇਸ ਸੰਸਥਾ ਨੂੰ ਤਾਕਤ ਮਿਲੀ। ਕਿਉਂ ਜ਼ੋ ਉਨ੍ਹਾਂ ਦੀ ਅਗਵਾਈ ਵਿਚ ਓਪਰਲੇ ਤਿੰਨ ਵਿਸ਼ੇ ਪਹਿਲਾਂ ਹੀ ਵਧ ਫੁੱਲ ਰਹੇ ਸਨ। ਉਹ ਲਗਾਤਾਰ 5 ਆਲਮੀ ਪੰਜਾਬੀ ਕਾਨਫਰੰਸਾਂ ਕਰਵਾ ਚੁੱਕੇ ਨੇ ਤੇ ਇਹਦੇ ਨਾਲ ਨਾਲ 8 ਆਲਮੀ ਪੱਧਰ ਦੇ ਸੈਮੀਨਾਰ ਵੀ ਸਿਰੇ ਚਾੜ੍ਹ ਚੁੱਕੇ ਨੇ। ਉਨ੍ਹਾਂ ਦੇ ਲਾਏ

ਹੋਏ ਨੈਤਿਕਤਾ ਦੇ ਬੂਟੇ ਨੂੰ ਅੱਜ ਹਰ ਥਾਂ *ਤੇ ਪਾਣੀ ਦਿੱਤਾ ਜਾ ਰਿਹਾ ਹੈ ਤੇ ਇਸਦੀ ਪਨੀਰੀ ਨੂੰ ਅੱਗੇ ਤੋਂ ਅੱਗੇ ਪਹੁੰਚਾਉਣ ਦਾ ਪ੍ਰਬੰਧ ਵੀ ਹੋ ਰਿਹਾ ਹੈ। ਜਗਤ ਪੰਜਾਬੀ ਸਭਾ ਵਿਚ ਵੱਖ ਵੱਖ ਦੇਸ਼ਾਂ ਤੋਂ ਉਹ ਪੰਜਾਬੀ ਚੁਣੇ ਗਏ ਨੇ ਜਿਨ੍ਹਾਂ ਨੇ ਜਗਤ ਪੰਜਾਬੀ ਸਭਾ ਲਈ ਮਿਥੇ ਟੀਚਿਆਂ ਲਈ ਭਰਵਾਂ ਕੰਮ ਕੀਤਾ ਹੋਇਆ ਹੈ। ਨਾਲੇ ਅਜੇ ਤੀਕ ਇਸ ਨਾਲ ਜੁੜੇ ਤੇ ਕੰਮ ਕਰ ਰਹੇ ਨੇ। ਹੁਣ ਇਸ ਸੰਸਥਾ ਰਾਹੀਂ 2020 ਵਿਚ 11 ਪੰਜਾਬੀ ਦੇ ਮਹਾਨ ਸਪੁੱਤਰਾਂ ਨੂੰ ਸਨਮਾਨ ਕਰਨ ਦਾ ਪ੍ਰਬੰਧ ਵੀ ਹੋ ਰਿਹਾ ਹੈ। ਇਹ ਉਹ ਲੋਕ ਨੇ ਜਿਨ੍ਹਾਂ ਨੇ ਆਪਣੇ ਆਪਣੇ ਖੇਤਰ ਵਿਚ ਭਰਵਾਂ ਹਿੱਸਾ ਪਾਇਆ ਹੈ।

ਲੋਕਾਈ ਦੀ ਸੇਵਾ ਕੀਤੀ ਹੈ। ਇਹ ਸਨਮਾਨ ਸਮਾਗਮ ਹਰ ਵਰੇ ਕੀਤਾ ਜਾਇਆ ਕਰੇਗਾ ਤੇ ਅੱਗੇ ਤੋਂ ਇਸਦਾ ਦਾਇਰਾ ਹੋਰ ਵੀ ਮੋਕਲਾ ਕਰਕੇ ਦੂਜੇ ਮੁਲਕਾ ਤੱਕ ਵਧਾਇਆ ਜਾਵੇਗਾ। ਜਿਥੇ ਜਿਥੇ ਪੰਜਾਬੀ ਮੌਜੂਦ ਨੇ, ਉਨ੍ਹਾਂ ਨੂੰ ਮਾਨ ਸਨਮਾਣ ਦਿੱਤਾ ਜਾਵੇਗਾ। ਸਿਆਣੇ ਆਖਦੇ ਨੇ ਪੈਂਡਾ ਤੁਰਨ ਨਾਲ ਹੀ ਮੁੱਕਦਾ ਹੈ, ਜੇ ਇਹ ਸੋਚ ਕੇ ਬੈਠੇ ਰਹੀਏ ਕਿ ਕੋਈ ਇਨ੍ਹਾਂ ਕੰਮਾਂ ਨੂੰ ਕਰ ਲਏਗਾ, ਇਹ ਕਦੀ ਨਹੀਂ ਹੋਇਆ। ਪਹਿਲਾਂ ਸਭ ਕੁੱਝ ਆਪ ਕਰਨਾ ਪੈਂਦਾ ਹੈ। ਫਿਰ ਲੋਕ ਵੀ ਨਾਲ ਲੱਗਦੇ ਜਾਂਦੇ ਨੇ। ਇਕ ਇਕ ਦੇ ਮਿਲਣ ਨਾਲ ਬੰਦਿਆਂ ਦਾ ਹੜ੍ਹ ਬਣ ਜਾਂਦਾ ਹੈ ਤੇ ਆਪਾਂ ਇਸ ਸੰਸਥਾ ਦੇ ਝੰਡੇ ਹੇਠ ਕੰਮ ਦਾ ਹੜ੍ਹ ਲਿਆਉਣਾ ਹੈ। ਤੇ ਕੰਮ ਹੀ ਜਿਉਂਦਾ ਰਹਿੰਦਾ ਹੈ। ਇਸ ਨਾਲ ਜੁੜਨ ਵਾਲਿਆਂ ਨੂੰ ਵੀ ਜਿਉਂਦਾ ਰੱਖਦਾ ਹੈ। ਇਸ ਸੰਸਥਾ ਦੇ ਡਾ. ਸ਼ਵਿੰਦਰ ਸਿੰਘ ਗਿਲ ਸਰਪ੍ਰਸਤ ਹਨ, ਪ੍ਰਧਾਨ ਸ.ਅਜੈਬ ਸਿੰਘ ਚਾਠਾ, ਮੀਤ ਪ੍ਰਧਾਨ ਸ਼ਿੰਦਰਪਾਲ ਸਿੰਘ, ਮੀਤ ਪ੍ਰਧਾਨ ਰਾਜ਼, ਮੀਤ ਪ੍ਰਧਾਨ ਬਲਵਿੰਦਰ ਸਿੰਘ ਯੁ ਐਸ ਏ, ਮੀਤ ਪ੍ਰਧਾਨ ਬਿਲਾ ਔਲਖ, ਮੀਤ ਪ੍ਰਧਾਨ ਤਲਵਿੰਦਰ ਸਿੰਘ ਢਿਲੋਂ, ਸਕਾਤਰ ਅਰਵਿੰਦਰ ਸਿੰਘ ਢਿਲੋਂ, ਮੀਡੀਆ ਸਕਾਤਰ: ਮਨਰੀਤ ਕੋਰ ਸਿਧੂ ਗਰੇਵਾਲ, ਕੋਆਰਡੀਨੇਟਰ: ਕਿਰਨਪ੍ਰੀਤ ਕੋਰ ਧਾਮੀ, ਖਜ਼ਾਨਚੀ: ਸ਼ਾਲਨੀ ਦਤਾ, ਕਾਰਜਕਰਨੀ ਮੈਬਰ: ਸੰਤੋਖ ਸਿੰਘ ਸੰਧੂ, ਰਵਿੰਦਰ ਸਿੰਘ ਕੰਗ, ਸਰਦੂਲ ਸਿੰਘ ਥਿਆੜਾ, ਬਿਅੰਤ ਕੋਰ ਸ਼ਾਹੀ, ਪ੍ਰਿਸੀਪਲ ਮੋਨਿਕਾ, ਰੋਸ਼ਨ ਪਾਠਕ , ਬਲਵੰਤ ਸਿੰਘ ਸੰਧੂ

ਪੰਜਾਬੀਅਤ ਦਾ ਨਾਮ ਰੌਸ਼ਨ ਕਰਨ ਵਾਲੀਆਂ ਗਿਆਰਾਂ ਸ਼ਖਸੀਅਤਾਂ ਨੂੰ 16 ਫਰਵਰੀ 2020 ਨੂੰ ਕਲਾ ਭਵਨ, ਸੈਕਟਰ 16 ਚੰਡੀਗੜ੍ਹ ਵਿੱਚ 'ਸਨਮਾਨ ਸਮਾਰੋਹ' ਵਿੱਚ ਸਨਮਾਨਿਤ ਕੀਤਾ ਜਾਵੇਗਾ। ਤੁਸੀਂ ਆਪਣਾ ਜਾਂ ਕਿਸੇ ਹੋਰ ਯੋਗ ਵਿਅਕਤੀ ਦਾ ਨਾਂ ਇਸ ਈ-ਮੇਲ jagatpunjabisabha@gmail.com 'ਤੇ ਭੇਜ ਸਕਦੇ ਹੋ।



























# ਵਿਅੰਗ

# ਅਵਾਰਾ ਢੱਠਿਆਂ ਤੇ ਸਿਆਸੀ ਸਾਨ੍ਹਾਂ ਦਾ ਪਾਇਆ ਗਾਹ

ਚਾਚਾ ਚਕਰੀਆ

ਖ਼ਬਰ ਹੈ ਕਿ ਸੰਗਰੂਰ ਵਿਚ ਇਕ ਅਵਾਰਾ ਢੱਠੇ ਨੇ ਦਾਦਾ ਪੋਤੀ ਮਾਰ ਦਿੱਤੇ। ਵੀਡੀਓ ਘੁੰਮ ਰਹੀ ਹੈ ਕਿਚੌਕ ਵਿਚ ਡਿਊਟੀ ਦਿੰਦਾਹੋਮਗਾਰਡ ਅਫਸਰ ਸਾਨ੍ਹ ਨੇ ਸਿੰਗਾਂ 'ਤੇਪਟਕਾ ਮਾਰਿਆ। ਪੰਜਾਬ ਪੁਲਿਸ ਦੀ ਰਿਪੋਰਟ ਹੈ ਕਿ ਪੰਜਾਬ ਵਿਚ ਹਰ ਤੀਜੇ ਦਿਨ ਇਕ ਜਣਾ ਆਵਾਰਾ ਡੰਗਰਾਂ ਦੀ ਭੇਟ ਚੜ੍ਹਦੈ। ਤਿੰਨ ਸਾਲਾਂ 'ਚ ਪੰਜਾਬ ਵਿਚ 370 ਬੰਦੇ ਆਵਾਰਾ ਪਸ਼ੂਆਂ ਕਾਰਨ ਅਣਿਆਈ ਮੌਤੇ ਮਾਰੇ ਗਏ। ਜ਼ਖ਼ਮੀ ਤੇ ਅਪਾਹਜ ਹੋਇਆਂ ਦੀ ਗਿਣਤੀ ਹੀ ਨਹੀਂ। ਇਕ ਲੱਖ ਤੋਂ ਵੱਧ ਡੰਗਰ ਆਵਾਰਾ ਤੁਰੇ ਫਿਰਦੇ ਹਨ। ਕੁਝ ਸਾਲ ਪਹਿਲਾਂ ਮੈਨੂੰ ਵੀ ਇਕ ਢੱਠੇ ਨੇ ਢਾਹ ਲਿਆ ਸੀ। ਕੁਦਰਤੀ ਮੇਰਾ ਬਚਾਅ ਹੋ ਗਿਆ। ਵਰਨਾ ਪਤਾ ਨਹੀਂ ਕਿੰਨੀ ਦੇਰ ਟੁੱਟੀਆਂ ਹੱਡੀਆਂ ਦਾ ਇਲਾਜ ਕਰਾਉਣਾ ਪੈਂਦਾ? ਅਵਾਰਾ ਪਸ਼ੂਆਂ ਕਾਰਨਕਿਸਾਨਾਂ ਦੀਆਂ ਫਸਲਾਂ ਦਾ ਵੀ ਬੇਹੱਦ ਉਜਾੜਾ ਹੁੰਦਾ ਜਿਸ ਦਾ ਕਦੇ ਕੋਈ ਇਵਜ਼ਾਨਾ ਨਹੀਂ ਮਿਲਿਆ।

ਕੁਝ ਸਾਲ ਹੋਏ ਕਬੱਡੀ ਮੈਚਾਂ ਦੀ ਕੁਮੈਂਟਰੀ ਕਰਦਾ ਕਦੇ ਮੈਂ ਕਿਸੇ ਰੇਡਰ ਦੀ ਘੁਲਾੜੀ 'ਚ ਬਾਂਹ ਆਗੀ ਆਖਦਾ, ਲੱਗ ਗਿਆ ਰੋਪੜੀ ਜਿੰਦਾ ਕਹਿੰਦਾ ਤੇ ਕਦੇ ਕਿਸੇ ਦਾ ਚੱਕਰਚੂੰਡਾ ਬਣਾਉਂਦਾ। ਜਿਹੜਾ ਧਾਵੀ ਢਾਹ ਲਿਆ ਜਾਂਦਾ ਉਹਦੇ ਬਾਰੇ ਕਹਿੰਦਾ, "ਕਰਤਾ ਗੱਡਾ ਡਹੀਏਂ। ਗੱਡਤਾ ਅਰਲਾਕੋਟ।" ਉਦੋਂ ਕੀ ਪਤਾ ਸੀ ਕਿ ਦਿਨ ਛਿਪੇ ਅਵਾਰਾ ਸਾਨ੍ਹ ਨੇ ਮੇਰਾ ਈ ਗੱਡਾ ਡਹੀਏਂ ਕਰ ਦੇਣੈ!

ਦਿਨ ਛਿਪੇਮੈਂ ਪਿੰਡ ਪਹੁੰਚਾ। ਤਦੇ ਇਕ ਬੀਹੀ 'ਚੋਂ ਸਾਨ੍ਹ ਭੱਜਦਾ ਆਇਆ ਤੇ ਮੈਨੂੰ ਸਹਿ ਸੁਭਾਅ ਤੁਰੇ ਜਾਂਦੇ ਨੂੰ ਪਿੱਛੋਂ ਢੁੱਡ ਮਾਰੀ। ਢੁੱਡ ਏਨੀ ਜ਼ੋਰਦਾਰ ਸੀ ਕਿ ਮੈਂ ਬੱਸ ਅੱਡੇ ਕੋਲ ਡਾਹੇ ਬੈਂਚ ਉਤੇ ਜਾ ਡਿੱਗਾ। ਭੂਸਰੇ ਸਾਨ੍ਹ ਤੋਂ ਬਚਣ ਲਈ ਮੈਂ ਤੇਜ਼ੀ ਨਾਲ ਬੈਂਚ ਦੇ ਪਿਛਲੇ ਹੋ ਗਿਆ ਜਿਸ ਨਾਲ ਹੋਰ ਢੁੱਡਾਂ ਖਾਣੋ ਬਚ ਗਿਆ। ਜਿਹੜੇ ਬੰਦੇ ਉਥੇ ਖੜ੍ਹੇ ਸਨ, ਕੁਝ ਢੱਠੇ ਮਗਰ ਦੌੜ ਪਏ, ਕੁਝ ਮੇਰੇ ਉਦਾਲੇ ਹੋ ਗਏ। ਆਮੁਹਾਰੇ ਕਹੀ ਜਾਣ, "ਇਹ ਢੱਠਾ ਹਰ ਰੋਜ਼ ਈ ਕਿਸੇ ਨਾ ਕਿਸੇ ਨੂੰ ਢਾਹੁੰਦੈ। ਕੱਲ੍ਹ ਦਿਆਲਾ ਢਾਹ ਲਿਆ ਸੀ,ਪਰਸੋਂ ਨਿਹਾਲਾ, ਚੌਥੇ ਜਾਗਰ ਅਮਲੀ। ਲੈ ਅੱਜ ਚਾਚੇ ਨੂੰ ਈ ਪੈ ਗਿਆ। ਹੁਣ ਪਤਾ ਨੀ ਸਹੁਰਾ ਕਿਧਰ ਭੱਜ ਗਿਆ?"

ਮੈਂ ਸਰੀਰ ਛੰਡ ਕੇ ਵੇਖਿਆ ਤਾਂ ਮਹਿਸੂਸ ਹੋਇਆ ਕਿ ਖੱਬੇ ਹੱਥ ਤੋਂ ਬਿਨਾਂ ਹੋਰ ਕਿਤੇ ਕੋਈ ਖ਼ਾਸ ਸੱਟ ਨਹੀਂ ਸੀ ਲੱਗੀ। ਵੱਡਾ ਡਰ ਮੈਨੂੰ ਰੀੜ੍ਹ ਦੀ ਹੱਡੀ ਦਾ ਸੀ। ਕੁਝ ਸਾਲ ਪਹਿਲਾਂ ਮੇਰੇ ਲੱਕ ਨੂੰ ਬੈਲਟ ਲੱਗੀ ਰਹੀ ਸੀ। ਮੈਂ ਵਗ ਕੇ ਘਰ ਪਹੁੰਚਿਆ। ਗੁਸਲਖਾਨੇ ਵਿਚ ਵੜ ਕੇ ਕਪੜੇ ਉਤਾਰੇ ਤੇ ਸ਼ੀਸ਼ੇ ਸਾਹ-ਮਣੇ ਆਪਣੇ ਜੁੱਸੇ ਨੂੰ ਨੀਝ ਨਾਲ ਵੇਖਿਆ। ਹੱਥ ਉਤੇ ਰਗੜਾਂ ਸਨ, ਖ਼ੂੰਨ ਸਿੰਮਿਆ ਸੀ ਤੇ ਪਿੱਠ 'ਚ ਦਰਦ ਸੀ। ਸ਼ੁਕਰ ਕੀਤਾ ਵੱਡੀ ਸੱਟ ਫੇਟ ਤੋਂ ਬਚ ਗਿਆ ਸਾਂ।

ਮੇਰੀ ਪੈਂਟ 'ਤੇ ਢੱਠੇ ਦੇ ਮੱਥੇ ਦੀ ਗਿੱਲੀ ਮਿੱਟੀ ਲੱਗੀ ਰਹਿ ਗਈ ਸੀ। ਮਿੱਟੀ ਤੋਂ ਪਤਾ ਲੱਗਦਾ ਸੀ ਕਿ ਢੁੱਡ ਕਿਥੇ ਵੱਜੀ ਸੀ? ਉਹ ਰੀੜ੍ਹ ਦੀ ਹੱਡੀ ਤੋਂ ਹਿਠਾਂਹ ਸੀ। ਥੋੜ੍ਹੀ ਜਿਹੀ ਉਪਰ ਵੱਜਦੀ ਤਾਂ ਰੀੜ੍ਹ ਦੀ ਹੱਡੀ ਦਾ ਜੜਾਕਾ ਪੈ ਸਕਦਾ ਸੀ। ਘਰ ਦੇ ਜੀਅ ਰੱਬ ਦਾ ਸ਼ੁਕਰ ਮਨਾ ਰਹੇ ਸਨ ਜਿਵੇਂ ਕਿਤੇ ਉਹਨੇ ਈ ਮੇਰਾ ਬਚਾਅ ਕੀਤਾ ਹੋਵੇ! ਅਸਲ ਵਿਚ ਤੁਰਦਿਆਂ ਮੇਰਾ ਜੁੱਸਾ ਰਵਾਂ ਸੀ। ਪੂਰਾ ਵਾਰਮ ਅੱਪ ਸਾਂ ਮੈਂ। ਉਂਜ ਵੀ ਰਵਾਂ ਰਵੀਂ ਅੱਗੇ ਨੂੰ ਤੁਰਿਆ ਜਾਂਦਾ ਸਾਂ। ਖੜ੍ਹਾ ਹੁੰਦਾ ਤਾਂ ਢੁੱਡ ਜ਼ੋਰ ਦੀ ਵੱਜਦੀ ਜਿਸ ਨਾਲ ਜਾਹ ਜਾਂਦੀ ਹੋ ਜਾਂਦੀ!

ਰਾਤੀਂ ਪਿਆ-ਪਿਆ ਮੈਂ ਸੋਚੀ ਗਿਆ ਕਿ ਮੇਰਾ ਤਾਂ ਬਚਾਅ ਹੋ ਗਿਆ ਪਰ ਇਸ ਤਰ੍ਹਾਂ ਦੀ ਢੁੱਡ ਖਾ ਕੇ ਹੋਰ ਕਿੰਨਿਆਂ ਕੁ ਦਾ ਬਚਾਅ ਹੁੰਦਾ ਹੋਵੇਗਾ? ਮਨ 'ਚ ਖ਼ਿਆਲ ਆਉਂਦਾ, ਜੇ ਮੇਰਾ ਚੂਕਣਾ ਟੁੱਟ ਜਾਂਦਾ? ਜਿਊਂਦਾ ਈ ਨਰਕ ਭੋਗਦਾ। ਨਾਲੇ ਇਹ ਕੈਨੇਡਾ ਤਾਂ ਹੈ ਨਹੀ ਸੀ ਕਿ ਸੱਟ ਦਾ ਮੁਆਵਜ਼ਾ ਮਿਲਦਾ ਤੇ ਮੁਫ਼ਤ ਇਲਾਜ ਹੁੰਦਾ। ਕੈਨੇਡਾ 'ਚ ਤਾਂ ਕਈ ਬੰਦੇ ਜਾਣ ਬੁੱਝ ਕੇ ਈ ਮਾੜੀਆਂ ਮੋਟੀਆਂ ਸੱਟਾਂ ਮਰਵਾ ਲੈਂਦੇ ਨੇ ਬਈ ਵਿਹਲੇ ਬਹਿ ਕੇ ਵੈੱਲਫੇਅਰ ਲਵਾਂਗੇ। ਓਥੇ ਤਾਂ ਮੇਰੇ ਵਰਗੇ ਦੇ ਏਨੀ ਕੁ ਵੱਜੀ ਸੱਟ ਈ ਬਹੁਤ ਸੀ। ਸ਼ਾਇਦ ਮੈਂ ਵੀ ਹੋਰਨਾਂ ਵਾਂਗ ਥੋੜ੍ਹਾ ਬਹੁਤਾ ਪਖੰਡ ਕਰ ਲੈਂਦਾ ਤੇ ਛੇਤੀ ਕੀਤਿਆਂ ਉਠਦਾ ਈ ਨਾ। ਆਖਦਾ, "ਮੈਥੋਂ ਤਾਂ ਹਿੱਲਿਆ ਈ ਨੀ ਜਾਂਦਾ। ਰੀੜ੍ਹ ਦੀ ਹੱਡੀ ਭਾਰ ਈ ਨੀ ਝੱਲਦੀ!"

ਫਿਰ ਮੈਨੂੰ ਖਿਆਲ ਆਇਆ ਕਿ ਕੈਨੇਡਾ 'ਚ ਢੱਠੇ ਕਿਥੇ? ਓਥੇ ਤਾਂ ਅਗਲੇ ਕੁੱਤਿਆਂ ਨੂੰ ਵੀ ਸੰਗਲੀ ਪਾ ਕੇ ਰੱਖਦੇ ਆ। ਕੁੱਤਾ ਕਿਸੇ ਨੂੰ ਵੱਢ ਬੈਠੇ ਤਾਂ ਅਗਲੇ ਸੂਅ ਕਰ ਦਿੰਦੇ ਆ। ਇਹੋ ਢੱਠਾ ਹੁੰਦਾ ਕਿਤੇ ਕੈਨੇਡਾ/ਅਮਰੀਕਾ ਦਾ, ਕਲੇਮ ਕਰਨ ਦਾ ਸੁਆਦ ਆ ਜਾਂਦਾ! ਵਕੀਲਾਂ ਨੇ ਇਕ ਦੂਜੇ ਤੋਂ ਮੂਹਰੇ ਹੋ ਕੇ ਕੇਸ ਲੜਨਾ ਸੀ। ਮੈਨੂੰ ਕਹਿਣਾ ਸੀ ਬੱਸ ਪਿਆ ਈ ਰਹੀਂ, ਉੱਠੀਂ ਨਾ। ਪਰ ਪੰਜਾਬ ਦੇ ਢੱਠੇ ਦਾ ਮੈਂ ਕੀ ਕਰਦਾ?

1990 ਵਿਚਮੈਂ ਪਹਿਲੀ ਵਾਰ ਅਮਰੀਕਾ ਗਿਆ ਤਾਂ ਇਕ ਪਾਰਕ ਵਿਚ ਬੂੱਲੀ ਕੁੱਤੇ ਨੇ ਭੌਂਕ ਕੇ ਡਰਾ ਦਿੱਤਾ। ਮੈਂ ਤਹਿਕ ਗਿਆ ਤੇ ਸ਼ੁਕਰ ਕੀਤਾ ਕਿ ਉਸ ਨੇ ਮੈਨੂੰ ਵੱਢਿਆ ਨਹੀਂ। ਪਰ ਕੁੱਤੇ ਦਾ ਮਾਲਕ ਮੈਥੋਂ ਮੁੜ ਮੁੜ ਮੁਆਫੀ ਮੰਗੇ। ਸੌਰੀ ਸੌਰੀ ਕਰੀ ਜਾਵੇ। ਮੈਂ ਹੈਰਾਨ ਕਿ ਇਹਦੇ 'ਚ ਮੁਆਫ਼ੀ ਮੰਗਣ ਵਾਲੀ ਕਿਹੜੀ ਗੱਲ ਸੀ? ਕੁੱਤੇ ਨੇ ਮੈਨੂੰ ਡਰਾਇਆ ਜ਼ਰੂਰ ਸੀ ਪਰ ਵੱਢਿਆ ਬਿਲਕੁਲ ਨਹੀਂ ਸੀ। ਮਾਲਕ ਨੇ ਉਦੋਂ ਹੀ ਸੰਗਲੀ ਖਿੱਚ ਲਈ ਸੀ। ਮੇਰਾ ਡਰ ਤਾਂ ਲਹਿ ਗਿਆ ਸੀ ਪਰ ਕੁੱਤੇ ਦਾ ਮਾਲਕ ਅਜੇ ਵੀ ਡਰੀ ਜਾਂਦਾ ਸੀ। ਉਹ ਅਜੇ ਵੀ 'ਸੌਰੀ' 'ਵੈਰੀ ਸੌਰੀ' ਕਰੀ ਜਾਂਦਾ ਸੀ। ਇਹ ਗੱਲ ਮੈਂ ਘਰ ਆ ਕੇ ਆਪਣੇ ਭਰਾ ਨੂੰ ਦੱਸੀ ਤਾਂ ਉਹ ਕਹਿਣ ਲੱਗਾ, "ਉਹ ਮਾਫੀ ਇਸ ਲਈ ਮੰਗਦਾ ਸੀ ਬਈ ਆਪਾਂ ਕਿਤੇ ਉਹਨੂੰ ਸੂਅ ਨਾ ਕਰ ਲਈਏ?"

ਮੈਨੂੰ ਪੰਜਵੀਂ 'ਚ ਪੜ੍ਹਨ ਦੀ ਘਟਨਾ ਯਾਦ ਆ ਗਈ। ਉਦੋਂਮੈਂ ਮੱਲ੍ਹੇ ਪੜ੍ਹਦਾ ਸਾਂ। ਇਕ ਬੀਹੀ ਵਿਚ ਦੀ ਲੰਘਣ ਲੱਗਾ ਤਾਂ ਕਿਸੇ ਦਾ ਕੁੱਤਾ ਮਗਰ ਪੈ ਗਿਆ। ਉਹ ਮੇਰੀਖੱਬੀ ਲੱਤ 'ਚ ਬੁਰਕ ਮਾਰ ਗਿਆ। ਕੁੱਤੇ ਵਾਲਿਆਂ ਨੇ ਕੁੱਤਾ ਬੰਨ੍ਹਣ ਅਤੇ ਮਾਫ਼ੀ ਮੰਗਣ ਦੀ ਥਾਂ ਬੱਸ ਏਨਾ ਈ ਕੀਤਾ ਕਿ ਪਾਟੀ ਪੁਰਾਣੀ ਲੀਰ ਨਾਲ ਜ਼ਖਮ ਉਤੇ ਹਲਦੀ ਬੰਨ੍ਹ ਦਿੱਤੀ। ਕਈ ਦਿਨ ਮੈਂ ਹਠੂਰ ਪੱਟੀ ਕਰਾਉਣ ਜਾਂਦਾ ਰਿਹਾ। ਕੁੱਤੇ ਦੇ ਬੁਰਕ ਦਾ ਹੁਣ ਵੀ ਏਡਾ ਵੱਡਾ ਨਿਸ਼ਾਨ ਹੈ ਕਿ ਮੈਂ ਆਪਣੀ ਪੱਕੀ ਸ਼ਨਾਖ਼ਤ ਖੱਬੀ ਲੱਤ ਉਤੇ ਮਾਰੇ ਬੁਰਕ ਦੀ ਹੀ ਦੱਸਦਾ ਹਾਂ। ਇਕ ਹੋਰ ਕੁੱਤੇ ਦੇ ਖਭੋਏ ਦੰਦਾਂ ਦੇ ਪੱਕੇ ਨਿਸ਼ਾਨ ਮੇਰੀ ਸੱਜੀ ਬਾਂਹ ਉਤੇ ਹਨ। ਇਹ ਇਸ ਤਰ੍ਹਾਂ ਹੀ ਹਨ ਜਿਵੇਂ ਬਚਪਨ ਵਿਚ ਲਾਏ ਲੋਦਿਆਂ ਦੇ ਨਿਸ਼ਾਨ ਹੁੰਦੇ ਹਨ।

ਇਕ ਵਾਰ ਨਾਰੇ ਬਲਦ ਨੇ ਸਿੰਗ ਮਾ-ਰਆ ਪਰ ਮੇਰਾ ਬਚਾਅ ਹੋ ਗਿਆ। ਸਾਈਕਲ ਤੇ ਸਕੂਟਰ ਤੋਂ ਡਿੱਗਣ ਦੀਆਂ ਰਗੜਾਂ ਵੀ ਲੱਗਦੀਆਂ ਰਹੀਆਂ। ਇਕ ਵਾਰ ਜੀਪ ਦੀਆਂ ਬਰੇਕਾਂ ਫੇਲ੍ਹ ਹੋ ਗਈਆਂ ਤੇ ਮੂਹਰੇ ਜਾਂਦੀ ਟਰਾਲੀ 'ਚ ਵੱਜ ਕੇ ਜੀਪ ਰੁਕੀ। ਊਠ ਤੋਂ ਵੀ ਦੋ ਤਿੰਨ ਵਾਰ ਡਿੱਗਿਆ। ਇਕ ਵਾਰ ਗੱਡਾ ਪਾਸ ਵੱਜ ਗਿਆ ਤੇ ਸੁਹਾਗਾ ਮੇਰੇ ਸਿਰ ਉਤੋਂ ਦੀ ਦੂਜੇ ਪਾਸੇ ਜਾ ਡਿੱਗਾ। ਢੱਠੇ ਦੀ ਢੁੱਡ ਨੇ ਪਿਛਲੇ ਸਾਰੇ ਹਾਦਸੇ ਯਾਦ ਕਰਾ ਦਿੱਤੇ।

ਹੱਥ ਦੀ ਪੀੜ ਨਾਲ ਨੀਂਦ ਨਹੀਂ ਸੀ ਆ ਰਹੀ। ਸੋਚਦਾ ਸੋਚਦਾ ਮੈਂ ਹੈਰਾਨ ਹੁੰਦਾ ਰਿਹਾ ਕਿ ਅਵਾਰਾ ਡੰਗਰਾਂ, ਕੁੱਤੇ ਬਿੱਲਿਆਂ, ਸੱਪਾਂ ਠੂੰਹਿਆਂ ਦੇ ਜ਼ਹਿਰੀਲੇ ਡੰਗਾਂ ਤੇ ਭੀੜ ਭੜੱਕੇ ਵਿਚ ਆਟੋ ਵਹੀਕਲਾਂ ਦੇ ਹਾਦਸਿਆਂ ਤੋਂ ਏਡੀ ਲੰਮੀ ਉਮਰ ਤਕ ਬਚਿਆ ਕਿਵੇਂ ਆ ਰਿਹਾਂ? ਮੌਤ ਕੋਲ ਦੀ ਲੰਘ ਜਾਂਦੀ ਰਹੀ। ਖਾੜਕੂਆਂ ਤੇ ਪੁਲਸੀਆਂ ਦੀ ਮਾਰੋ-ਮਾਰੀ 'ਚੋਂ ਵੀ ਬਚ ਨਿਕਲਿਆ। ਇਕ ਚਿੱਠੀ ਕਿਸੇ ਨੇ ਜਰਨੈਲ ਸਿੰਘ ਹਲਵਾਰਾ ਦਾ ਨਾਂ ਲਿਖ ਕੇ ਪਾਈ ਕਿ ਐਨੇ ਰੁਪਈਏ ਫਲਾਣੀ ਥਾਂ ਰੱਖੋ, ਨਹੀਂ ਤਾਂ ਅਕਾਲ ਪੁਰਖ ਦਾ ਸੱਦਾ ਆਇਆ ਸਮਝੋ! ਪਰ ਉਹ ਸੱਦਾ ਆਉਂਦਾ ਆਉਂਦਾ ਰਹਿ ਗਿਆ। ਚਿੱਠੀ ਨਕਲੀ ਨਿਕਲੀ। ਅੱਜ ਵੀ ਢੱਠਾ ਮੇਰਾ ਭੋਗ ਪਾ ਸਕਦਾ ਸੀ। ਕਈਆਂ ਨੇ ਕਹਿਣਾ ਸੀ, "ਲੈ ਲਿਆ ਸੁਆਦ ਚਾਚੇ ਨੇ ਵੀ ਸੈਰ ਕਰਨ ਦਾ। ਅਖੇ ਸੈਰ ਕਰਨ ਨਾਲ ਸਿਹਤ ਠੀਕ ਰਹਿੰਦੀ ਐ। ਕਰਤੀ ਢੱਠੇ ਨੇ ਸਿਹਤ ਠੀਕ!" ਕਸੂਰ ਉਨ੍ਹਾਂ ਨੇ ਮੇਰਾ ਈ ਕੱਢਣਾ ਸੀ, ਢੱਠਾ ਖੁੱਲ੍ਹਾ ਛੱਡਣ ਵਾਲਿਆ ਦਾ ਨਹੀਂ।

ਹੱਥ ਦੀ ਸੋਜ ਨੇ ਮੈਨੂੰ ਦੇਰ ਰਾਤ ਤਕ ਨੀਂਦ ਨਾ ਆਉਣ ਦਿੱਤੀ। ਮੈਂ ਢੱਠਿਆਂ ਮੈਂਹਾਂ ਤੇ ਅਵਾਰਾ ਪਸ਼ੂਆਂ ਬਾਰੇ ਸੋਚੀ ਗਿਆ। ਫੰਡਰ ਗਊਆਂ ਪੈਲੀਆਂ ਮੁੱਛਦੀਆਂ ਫਿਰਦੀਆਂ ਹਨ। ਨਿਆਈਆਂ ਤੇ ਰਾਹਾਂਨਾਲ ਲੱਗਦੇ ਖੇਤ ਉਜਾੜੇ ਦੇ ਘਰ ਹਨ। ਰੋਝ, ਹਿਰਨ ਤੇ ਗਿੱਦੜ ਤਾਂ ਬੇਸ਼ਕ ਪੰਜਾਬ ਦੇ ਖੇਤਾਂ ਵਿਚੋਂ ਅਲੋਪ ਹੋ ਗਏ ਪਰ ਰਿਆ੍ ਗਾਂਈਆਂ ਤੇ ਸਾਨ੍ਹ ਖੁੱਲ੍ਹੇ ਤੁਰੇ ਫਿਰਦੇ ਹਨ। ਉਹ ਸੜਕਾਂ ਉਤੇ ਹਾਦਸੇਕਰਾਉਂਦੇ ਹਨ ਤੇ ਫਸਲਾਂ ਦਾ ਉਜਾੜਾ ਕਰਦੇ ਹਨ। ਜਦੋਂ ਦੀ ਕੁੱਤੇ ਮਾਰਨ 'ਤੇ ਪਾਬੰਦੀ ਲੱਗੀ ਹੈ, ਕੁੱਤਿਆਂ ਨੇ ਅੱਤ ਚੁੱਕੀ ਹੋਈ ਹੈ। ਮੇਰਾ ਪੋਤਾ ਕੈਨੇਡਾ ਤੋਂ ਪਿੰਡ ਗਿਆ ਤਾਂ ਪਿੰਡ ਤੋਂ ਨਾਨਕਿਆਂ ਤਕ ਕੁੱਤੇ ਈ ਗਿਣਦਾ ਗਿਆ। ਜਾ ਕੇ ਮਾਮੇ ਨੂੰ ਕਹਿੰਦਾ, "ਮੈਂ ਹੰਡਰਡ ਟਵੰਟੀ ਵਨ ਡੌਗੀ ਗਿਣ ਕੇ ਆਇਆਂ।"



-ਪ੍ਰਿੰ. ਸਰਵਣ ਸਿੰਘ-

ਸਬਜ਼ੀ ਮੰਡੀਆਂ ਵਿਚ ਵੀ ਅਵਾਰਾ ਪਸ਼ੂਆਂ ਦੀ ਭਰਮਾਰ ਹੈ। ਉਹ ਰੇੜ੍ਹੀਆਂ 'ਤੇ ਫਲਾਂ ਸਬਜ਼ੀਆਂ ਨੂੰ ਮੂੰਹ ਮਾਰਨੋਂ ਨਹੀਂ ਹਟਦੇ। ਕਈ ਵਾਰ ਮੌਲੇ ਬਲਦ ਤੇ ਬਿਮਾਰ ਪਸ਼ੂ ਸੜਕਾਂ ਉਤੇ ਧਰਨੇ ਦੇ ਬਹਿੰਦੇ ਨੇ ਤੇ ਟ੍ਰੈਫਿਕ ਜਾਮ ਕਰ ਦਿੰਦੇ ਨੇ। ਉਨ੍ਹਾਂ ਦੇ ਥਾਂ ਥਾਂ ਫੋਸ ਕੀਤੇ ਪਏ ਹੁੰਦੇ ਨੇ। ਕਈ ਵਾਰ ਅਵਾਰਾ ਡੰਗਰਾਂ ਨੂੰ ਅੱਕੇ ਹੋਏ ਲੋਕ ਸੇਲੇ ਮਾਰ ਬਹਿੰਦੇ ਨੇ ਜਿਨ੍ਹਾਂ ਨਾਲ ਉਨ੍ਹਾਂ ਦੇ ਜ਼ਖਮਾਂ ਉਤੇ ਮੱਖੀਆਂ ਭਿਣ ਭਿਣਾਉਂਦੀਆਂ ਰਹਿੰਦੀਆਂ ਨੇ। ਲਹੂ ਵਗਦਾ ਰਹਿੰਦੈ ਜੀਹਦੇ ਤੋਂ ਕਚਿਆਣ ਆਉਂਦੀ ਐ। ਹੱਡਾ ਰੋੜੀਆਂ ਦਾਅੱਡ ਬੁਰਾ ਹਾਲ ਹੈ। ਗਿਰਝਾਂ ਤੇ ਇੱਲਾਂ ਪੰਜਾਬ 'ਚੋਂ ਉਡਾਰੀ ਮਾਰ ਗਈਆਂ। ਅਵਾਰਾ ਕੁੱਤੇ ਚੂੰਡੇ ਹੋਏ ਹੱਡ ਆਸ ਪਾਸ ਦੇ ਖੇਤਾਂ 'ਚ ਖਿਲਾਰਦੇ ਰਹਿੰਦੇ ਹਨ। ਦੇਸ਼ ਦੇ ਅਜਿਹੇ ਦ੍ਰਿਸ਼ ਬੜੇ ਘਿਣਾਉਣੇ ਹਨ। ਓਧਰ ਸਿਆਸੀ ਸਾਨ੍ਹ ਆਪਸ ਵਿਚ ਭਿੜੀ ਜਾਂਦੇ ਹਨ। ਉਨ੍ਹਾਂ ਦਾਆਵਾਰਾ ਡੰਗਰਾਂ ਦੇ ਸੁਧਾਰ ਵੱਲ ਪਤਾ ਨਹੀਂ ਕਦੋਂਧਿਆਨ ਜਾਵੇਗਾ?

ਆਪਣੀ ਅਜੋਕੀ ਪੰਜਾਬ ਫੇਰੀ ਦੌਰਾਨ ਮੈਂ ਮਹਿਸੂਸ ਕੀਤਾ ਕਿ ਲੋਕਾਂ ਵਿਚ ਸਾਂਝੇ ਕਾਰਜ ਕਰਨ ਦਾ ਜਜ਼ਬਾ ਘਟ ਰਿਹੈ। ਪਿੰਡ ਦਾ ਕੋਈ ਸਾਂਝਾ ਕਾਰਜ ਉਹ ਉਨੇ ਉਤਸ਼ਾਹ ਨਾਲ ਨਹੀਂ ਕਰਦੇ ਜਿੰਨੇ ਚਾਅ ਨਾਲ ਪਹਿਲਾਂ ਕਰਿਆ ਕਰਦੇ ਸਨ। ਪਿੰਡ ਦੇ ਰਸਤਿਆਂ ਉਤੇ ਮਿੱਟੀ ਪਾਉਣੀ ਹੋਵੇ, ਫਿਰਨੀ ਸਾਫ ਰੱਖਣੀ ਹੋਵੇ, ਲਾਂਘੇ 'ਚੋਂ ਰੂੜੀਆਂ ਚੁਕਾਉਣੀਆਂ ਹੋਣ, ਛੱਪੜ ਸੰਵਾਰਨੇ ਜਾਂ ਸਕੂਲ ਦੇ ਮੈਦਾਨ ਈ ਖੇਡਣਜੋਗ ਬਣਾਉਣੇ ਹੋਣ ਤਾਂ ਆਮੁਹਾਰੇ ਕੰਮ ਕਰਨ ਦਾ ਉੱਦਮ ਘਟ ਗਿਆ ਹੈ। ਬਹੁਤੇ ਬੰਦੇ ਨਿੱਜੀ ਹਿਤਾਂ ਨੂੰਹੀ ਤਰਜੀਹ ਦੇਣ ਲੱਗ ਪਏ ਹਨ। ਪੰਚ ਸਰਪੰਚ ਆਪਣੇ ਪਿੰਡਾਂ ਦਾ ਸੁਧਾਰ ਕਰਨ ਦੀ ਥਾਂ ਆਪਣੇ ਘਰ ਈ ਭਰੀ ਜਾਂਦੇ ਹਨ। ਢੱਠੇ ਖੁੱਲ੍ਹੇ ਫਿਰਦੇ ਹਨ ਤਾਂ ਪਏ ਫਿਰਨ। ਕਿਸੇ ਨੂੰ ਢੁੱਡਾਂ ਮਾਰਦੇ ਜਾਂ ਸਿੰਗਾਂ 'ਤੇ ਚੁੱਕੀ ਜਾਂਦੇ ਹਨ ਤਾਂ ਪਏ ਚੁੱਕੀ ਜਾਣ। ਰਹਿੰਦੀ ਕਸਰ ਸਿਆਸੀ ਸਾਨ੍ਹ ਕੱਢੀ ਜਾਂਦੇ ਹਨ!

ਮੈਂ ਤਾਂ ਢੱਠੇ ਤੋਂ ਢੁੱਡ ਖਾ ਕੇ ਕੈਨੇਡਾ ਆ ਗਿਆਂ ਤੇ ਬਚਿਆ ਬੈਠਾਂ। ਪਿਛਲਿਆਂ ਦਾ ਪਤਾ ਨਹੀਂਦੇਸ਼ ਦੇ ਅਵਾਰਾ ਢੱਠਿਆਂ ਤੇ ਸਿਆਸੀ ਸਾਨ੍ਹਾਂ ਤੋਂਕਦੋਂ ਬਚਾਅ ਹੋਊ?

# ਹਾਕਮ ਸੂਫੀ ਨੂੰ ਯਾਦ ਕਰਦਿਆਂ

-ਡਾ. ਜਗਮੇਲ ਸਿੰਘ ਭਾਠੂਆਂ

ਹਾਕਮ ਸੂਫੀ ਅਜਿਹੀ ਸ਼ਖ਼ਸੀਅਤ ਸਨ, ਜਿਨ੍ਹਾਂ ਪੰਜਾਬ ਦਾ ਸੱਭਿਆਚਾਰਕ ਦੂਤ ਬਣ ਕੇ ਪੰਜਾਬ ਦੇ ਲੋਕ ਸੰਗੀਤ ਨੂੰ ਕੌਮੀ ਪੱਧਰ 'ਤੇ ਵੱਖਰੀ ਪਛਾਣ ਦਿਵਾਈ ਅਤੇ ਪੰਜਾਬੀ ਗਾਇਕੀ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਬੇਸ਼ੱਕ ਉਹ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ ਹਨ, ਪਰ ਉਹ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿੱਚ ਸੁਰੀਲੀ ਤੇ ਦਰਦ ਭਰੀ ਆਵਾਜ਼ ਨਾਲ ਸਦਾ ਜੀਵਿਤ ਰਹਿਣਗੇ। ਪੰਜਾਬ ਦੀ ਜ਼ਿਲਾ ਮੁਕਤਸਰ ਦੇ ਗਿੱਦੜਬਾਹਾ ਵਿਖੇ ਮਾਤਾ ਗੁਰਦਿਆਲ ਕੌਰ ਅਤੇ ਪਿਤਾ ਕਰਤਾਰ ਸਿੰਘ ਦੇ ਗ੍ਰਹਿ ਤਿੰਨ ਮਾਰਚ 1952 ਨੂੰ ਜਨਮੇ ਹਾਕਮ ਸੂਫੀ ਨੇ ਜਿਥੇ ਅਧਿਆਪਕ ਵਜੋਂ ਆਪਣਾ ਫਰਜ਼ ਬਾਖੂਬੀ ਨਿਭਾਇਆ ਅਤੇ ਕਾਵਿ ਅਤੇ ਸੰਗੀਤ ਕਲਾ ਵਰਗੀਆਂ ਲਲਿਤ ਕਲਾਵਾਂ ਦੇ ਜਾਦੂ ਨਾਲ ਲੋਕ ਮਨਾਂ ਅੰਦਰ ਅਜਿਹਾ ਸਥਾਨ ਬਣਾਇਆ ਜੋ ਜਣੇ ਖਣੇ ਦੇ ਵੱਸ ਦੀ ਗੱਲ ਨਹੀਂ। ਬਚਪਨ 'ਚ ਸਕੂਲੀ ਵਿੱਦਿਆ ਹਾਸਲ ਕਰਨ ਮੌਕੇ ਪ੍ਰਸਿੱਧ ਪੰਜਾਬੀ ਲੋਕ ਗਾਇਕ ਗੁਰਦਾਸ ਮਾਨ ਅਤੇ ਹਾਕਮ ਸੂਫੀ ਨੇ ਇਕੱਠਿਆਂ ਸਟੇਜਾਂ ਕਰਦੇ ਹੋਏ ਗਾਇਕੀ ਦਾ ਸਫਰ ਆਰੰਭ ਕੀਤਾ। ਉਹ ਨਾਭਾ ਤੋਂ ਆਰਟ ਐਂਡ ਕਰਾਫਟ ਦਾ ਕੋਰਸ ਕਰਨ ਉਪਰੰਤ ਬਠਿੰਡਾ ਜ਼ਿਲੇ ਦੇ ਪਿੰਡ ਜੰਗੀਰਾਣਾ 'ਚ ਡਰਾਇੰਗ ਅਧਿਆਪਕ ਨਿਯੁਕਤ ਹੋਏ ਅਤੇ ਇਥੇ ਹੀ 34 ਸਾਲ ਸੇਵਾ ਕਰਨ ਤੋਂ ਬਾਅਦ 31 ਮਾਰਚ 2010 ਨੂੰ ਸੇਵਾਮੁਕਤ ਹੋਏ। ਸੱਤਰਵਿਆਂ ਦੇ ਦਹਾਕੇ 'ਚ ਇਕ ਵਾਅ ਵਰੋਲੇ ਵਾਂਗ ਪੰਜਾਬੀ ਗਾਇਕੀ ਦੇ ਪਿੜ ਵਿੱਚ ਪ੍ਰਵੇਸ਼ ਕਰਨ ਵਾਲੇ ਹਾਕਮ ਸੂਫੀ ਨੇ 'ਮਹਿੰਦੀ', 'ਕੋਕਾ', 'ਲੋਈ', 'ਕਿਤੋਂ ਬੋਲ ਮਹਿਰਮਾਂ', 'ਮੇਰੇ ਸੁਹਣਿਆ ਸੱਜਣਾਂ', 'ਛੱਲਾ' ਵਰਗੇ ਅਜਿਹੇ ਦਰਜਨਾਂ ਅਨਮੋਲ ਗੀਤ ਮਾਂ ਬੋਲੀ ਪੰਜਾਬੀ ਦੀ ਝੋਲੀ ਪਾਏ ਜਿਨ੍ਹਾਂ 'ਚੋਂ ਪੰਜਾਬੀ ਸੱਭਿਆਚਾਰ ਦਾ ਮੁਹਾਂਦਰਾ ਆਪ ਮੁਹਾਰੇ ਉਘੜਦਾ ਵੇਖਿਆ ਜਾ ਸਕਦਾ ਹੈ। ਐਚ ਐਮ ਵੀ ਕੰਪਨੀ ਵੱਲੋਂ ਪੇਸ਼ ਉਨ੍ਹਾਂ ਦਾ ਗਾਇਆ ਗੀਤ 'ਮੇਲਾ ਯਾਰਾਂ ਦਾ' ਪੰਜਾਬੀ ਗੀਤਕਾਰੀ ਦੇ ਖੇਤਰ ਵਿੱਚ ਅਜਿਹਾ ਮੀਲ ਪੱਥਰ ਹੈ, ਜਿਸ ਵਿੱਚ ਮਨੁੱਖਤਾ, ਰੂਹਾਨੀਅਤ, ਸੰਪ੍ਰਦਾਇਕ ਸੁਹਿਦਤਾ ਦਾ ਅਨੂਠਾ ਸੁਮੇਲ ਤੇ ਸੁੱਚਜਾ ਸੰਦੇਸ਼ ਸ਼ਾਮਲ ਹੈ। ਇਸੇ ਵੰਨਗੀ ਦੇ ਉਨ੍ਹਾਂ ਦੇ ਗੀਤ 'ਚਿੱਠੀਆਂ' ਵਿੱਚ ਦਰਦ ਵਿਛੋੜੇ ਦਾ ਅਜਿਹਾ ਅਹਿਸਾਸ ਹੈ ਜੋ ਦੋ ਵਿਛੜੀਆਂ ਰੂਹਾਂ ਦੇ ਸੱਚੇ ਪਿਆਰ ਨੂੰ ਸੁੰਦਰ ਸ਼ਬਦ ਰਚਨਾ ਦੁਆਰਾ ਅਲੱਗ-ਅਲੱਗ ਰੂਪਾਂ ਵਿੱਚ ਮੂਰਤੀਮਾਨ ਕਰਦਾ ਹੈ। ਉਪਰੋਕਤ ਵਾਂਗ ਪੰਜਾਬੀ ਫਿਲਮ 'ਯਾਰੀ ਜੱਟ ਦੀ' ਲਈ ਉਘੇ ਫਿਲਮਸਾਜ਼ ਵਰਿੰਦਰ ਵੱਲੋਂ ਫਿਲਮਾਇਆ ਹਾਕਮ ਦਾ ਗੀਤ 'ਪਾਣੀ ਵਿੱਚ ਮਾਰਾਂ ਡੀਟਾਂ' ਸੰਗੀਤ ਪ੍ਰੇਮੀਆਂ ਨੇ ਇੰਨਾ ਪਸੰਦ ਕੀਤਾ ਕਿ ਸਾਹਿਤਕ ਅਤੇ ਸੰਗੀਤਕ ਵਿਲੱਖਣਤਾ ਸਦਕਾ ਅੱਜ ਤੱਕ ਇਹ ਗੀਤ ਲੋਕ ਜ਼ੁਬਾਨਾਂ 'ਤੇ ਚੜ੍ਹਿਆ ਹੋਇਆ ਹੈ। ਜੀਵਨ ਦੀ ਸੰਯੋਗੀ ਖੇਡ 'ਚ




ਉਨ੍ਹਾਂ ਨੂੰ ਸਫਲਤਾ ਨਾ ਮਿਲੀ। ਹਾਲਾਂਕਿ ਜੀਵਨ ਦੇ ਅਖੀਰਲੇ ਪਹਿਰ ਤੱਕ ਸੰਯੋਗਣੀ (ਦੂਜੀ ਮੂਰਤੀ) ਦੀ ਘਾਟ ਉਨ੍ਹਾਂ ਨੂੰ ਹਮੇਸ਼ਾ ਰੜਕਦੀ ਰਹੀ। ਸਬੱਬ ਇਹ ਬਣਿਆ ਕਿ ਜਿਥੇ ਹਾਕਮ ਸੰਯੋਗ ਦੀਆਂ ਤੰਦਾਂ ਜੋੜਨੀਆਂ ਚਾਹੁੰਦੇ ਸਨ, ਉਥੇ ਘਰ ਵਾਲੇ ਨਹੀਂ ਮੰਨੇ। ਜਿਥੇ ਘਰਵਾਲੇ ਚਾਹੁੰਦੇ ਸਨ, ਉਥੇ ਉਹ ਖੁਦ ਨਹੀਂ ਮੰਨੇ। ਆਖਰ ਕੰਨੀ ਖਿਸਕਾ ਕੇ ਸਮਾਂ ਆਪਣੇ ਸੁਭਾਅ ਅਨੁਸਾਰ ਅਜਿਹਾ ਦੌੜਿਆ ਕਿ ਮੁੜ ਹੱਥ ਨਾ ਆਇਆ, ਪਰ ਹਾਕਮ ਸੂਫੀ ਹਮੇਸ਼ਾ ਆਖਦੇ ਹੁੰਦੇ ਸਨ, 'ਹਰ ਇਨਸਾਨ ਦਾ ਮੁਕੱਦਰ ਕੁਦਰਤ ਦੇ ਹੱਥ ਹੈ। ਜੀਵਨ 'ਚ ਜੋ ਵੀ ਪ੍ਰਾਪਤ ਕੀਤਾ ਹੈ, ਉਸ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ।'

ਅੱਜ ਦੇ ਵਿਸ਼ਵੀਕਰਨ ਤੇ ਪਦਾਰਥਵਾਦੀ ਯੁੱਗ 'ਚ ਵਿਚਰਦਿਆਂ ਵੀ ਹਾਕਮ ਸੂਫੀ ਨੂੰ ਕਲਾ ਦਾ ਵਪਾਰੀਕਰਨ ਤੇ ਅਰਥਹੀਣ ਲੇਖਣੀ ਬਿਲਕੁਲ ਪਸੰਦ ਨਹੀਂ ਸੀ। ਦੈਵੀ ਪਿਆਰ, ਇਸ਼ਕ ਹਕੀਕੀ ਤੇ ਮਾਨਵਤਾ ਦੇ ਉਪਾਸਕ ਬਣ ਕੇ ਉਨ੍ਹਾਂ ਪੰਜਾਬ ਦੀ ਸੂਫੀ ਪਰੰਪਰਾ ਨੂੰ ਹੋਰ ਅੱਗੇ ਵਧਾਇਆ ਅਤੇ ਪਿਆਰ ਭਰੇ ਮਿੱਠੇ ਬੋਲਾਂ ਨਾਲ ਮਨੁੱਖੀ ਭਾਈਚਾਰੇ 'ਚ ਆਈਆਂ ਦੂਰੀਆਂ, ਤਰੇੜਾਂ ਮਿਟਾਉਣ ਦਾ ਭਰਪੂਰ ਯਤਨ ਕੀਤਾ। ਉਹ ਬਚਪਨ ਤੋਂ ਹੀ ਕੋਮਲ ਭਾਵੀ ਅਤੇ ਸਾਧੂ ਸੁਭਾਅ ਦੇ ਮਾਲਕ ਸਨ। ਸੰਨ 1978 ਦੌਰਾਨ ਆਤਮਿਕ ਤ੍ਰਿਪਤੀ ਲਈ ਓਸ਼ੋ ਪਾਸੋਂ ਸੰਨਿਆਸ ਲਿਆ, ਜਿਸ ਉਪਰੰਤ ਗੂੜ੍ਹ ਵਿਸ਼ਿਆਂ ਨੂੰ ਵਿਚਾਰਨ ਤੇ ਗਿਆਨ ਹਾਸਲ ਕਰਨ ਦੀ ਉਨ੍ਹਾਂ ਦੀ ਜਗਿਆਸਾ ਹੋਰ ਵੱਧਦੀ ਗਈ। ਅਜਿਹੇ ਮੌਕੇ ਫਿਲਮ ਸਟਾਰ ਵਿਨੋਦ ਖੰਨਾ ਨਾਲ ਵੀ ਉਨ੍ਹਾਂ ਦੀ ਕਾਫੀ ਨੇੜਤਾ ਰਹੀ। ਉਹ ਆਖਦੇ ਹੁੰਦੇ ਸਨ ਕਿ ਕਲਾ ਨੂੰ ਸਿਰਫ ਪੈਸਾ ਕਮਾਉਣ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ, ਸਗੋਂ ਕਲਾਕਾਰ ਦਾ ਅਸਲੀ ਫਰਜ਼ ਆਪਣੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦਾ ਬਹੁਪੱਖੀ ਪ੍ਰਚਾਰ ਤੇ ਪ੍ਰਸਾਰ ਕਰਨਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਭ ਤੋਂ ਵੱਡੀ ਕਲਾ ਤੇ ਸਭ ਤੋਂ ਵੱਡਾ ਗਿਆਨ 'ਪ੍ਰੇਮ' ਹੈ, ਜਿਹੜਾ ਇਕ ਦਿਨ ਇਨਸਾਨ ਨੂੰ ਪਰਮਾਤਮਾ ਦੇ ਦੁਆਰ ਤੱਕ ਪੁਚਾ ਦਿੰਦਾ ਹੈ। ਸਾਰੀ ਉਮਰ ਪੂਰੀ ਰੂਹਦਾਰੀ ਨਾਲ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਨ ਵਾਲੇ ਅਦੁੱਤੀ ਸ਼ਖ਼ਸੀਅਤ ਦੇ ਮਾਲਕ ਹਾਕਮ ਸੂਫੀ ਬਾਰੇ ਕੀਤੀ ਹਰ ਪ੍ਰਸ਼ੰਸਾ ਛੋਟੀ ਪੈਂਦੀ ਜਾਪਦੀ ਹੈ। ਬੇਸ਼ੱਕ ਪੰਜਾਬ ਦਾ ਇਹ ਮਹਾਨ ਸਪੂਤ ਚਾਰ ਸਤੰਬਰ 2012 ਦੀ ਰਾਤ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ, ਪਰ ਉਨ੍ਹਾਂ ਦੇ ਗੀਤ ਅਤੇ ਸੰਗੀਤ ਅਮਰ ਹਨ, ਜਿਨ੍ਹਾਂ ਨੂੰ ਸੁਣ ਕੇ ਲੋਕ ਸੰਗੀਤ ਦੇ ਜਗਿਆਸੂ ਬਹੁਤ ਕੁਝ ਸਿੱਖ ਸਕਦੇ ਹਨ।

ਇਸ ਵਿੱਚ ਕੋਈ ਅਤਿਕਥਨੀ ਨਹੀਂ ਕਿ ਪੰਜਾਬੀ ਸੰਗੀਤ ਨਾਲ ਜੁੜੇ ਜ਼ਿਆਦਾਤਰ ਗਾਇਕਾਂ ਨੇ ਕਲਾ ਨੂੰ ਸਿਰਫ ਵਪਾਰਕ ਦ੍ਰਿਸ਼ਟੀ ਤੋਂ ਅਪਣਾਇਆ ਪਰ ਹਾਕਮ ਸੂਫੀ ਨੇ ਪੰਜਾਬੀ ਸੱਭਿਆਚਾਰ ਦੀ ਰਾਖੀ ਕਰਦੇ ਹੋਏ ਸਾਫ ਸੁਥਰੀ ਅਤੇ ਅਰਥ ਭਰਪੂਰ ਗਾਇਕੀ ਨੂੰ ਪਹਿਲ ਦਿੱਤੀ। ਕਈ ਵਿਦਵਾਨਾਂ ਦਾ ਕਹਿਣਾ ਹੈ ਡਫਲੀ ਸਾਜ਼ ਨਾਲ ਪੰਜਾਬੀ ਗਾਇਕੀ ਦਾ ਸ਼ੁਭ ਆਰੰਭ ਸਭ ਤੋਂ ਪਹਿਲਾਂ ਹਾਕਮ ਸੂਫੀ ਨੇ ਹੀ ਕੀਤਾ ਅਤੇ ਫਿਰ ਕਿਸੇ ਸਮੇਂ ਹਾਕਮ ਨੇ ਇਹ ਡਫਲੀ ਗੁਰਦਾਸ ਮਾਨ ਦੇ ਹੱਥ ਫੜਾਈ। ਇਥੋਂ ਤੱਕ ਕਿ ਬਹੁਤ ਸਾਰੇ ਲੋਕ ਹਾਕਮ ਸੂਫੀ ਨੂੰ ਗੁਰਦਾਸ ਮਾਨ ਦਾ ਉਸਤਾਦ ਕਹਿੰਦੇ ਰਹੇ ਹਨ। ਇਸ ਸਬੰਧ 'ਚ ਹਾਕਮ ਸੂਫੀ ਹਮੇਸ਼ਾ ਆਖਦੇ ਹੁੰਦੇ ਸਨ, 'ਗੁਰਦਾਸ ਮਾਨ ਮੇਰੇ ਗੂੜ੍ਹੇ ਸਕੂਲੀ ਮਿੱਤਰ ਹਨ। ਅਸੀਂ ਇਕੱਠਿਆਂ ਬਹੁਤ ਗਾਇਆ ਤੇ ਅੱਲਾ ਤਾਲਾ ਨੇ ਮਾਨ ਉਪਰ ਬਹੁਤ ਰਹਿਮਤ ਵਰੋਸਾਈ ਹੈ।' ਪੰਜਾਬੀ ਸੰਸਕ੍ਰਿਤੀ ਨੂੰ ਵੱਡੀ ਦੇਣ ਸਦਕਾ ਸਮੂਹ ਪੰਜਾਬੀਆਂ ਨੂੰ ਹਾਕਮ ਸੂਫੀ 'ਤੇ ਬੇਹੱਦ ਮਾਣ ਹੈ ਤੇ ਹਮੇਸ਼ਾ ਰਹੇਗਾ।

ਹਾਕਮ ਸੂਫੀ ਦੀ ਸਮੁੱਚੀ ਸੰਗੀਤਕ ਦੇਣ ਵਿਸ਼ੇ 'ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਗੀਤ ਵਿਭਾਗ ਦੇ ਇਕ ਵਿਦਿਆਰਥੀ ਸੁਖਜਿੰਦਰ ਸਿੰਘ ਆਪਣੇ ਨਿਗਰਾਨ ਡਾ. ਅਲੰਕਾਰ ਸਿੰਘ ਦੀ ਅਗਵਾਈ ਵਿੱਚ ਖੋਜ ਕਾਰਜ ਕਰਕੇ ਐਮਫਿਲ ਦੀ ਡਿਗਰੀ ਹਾਸਲ ਕਰ ਚੁੱਕੇ ਹਨ। ਉਨ੍ਹਾਂ ਵੱਲੋਂ ਗਾਇਆ ਗੀਤ 'ਮਾਵਾਂ ਦੇ ਲਈ ਪੁੱਤਰ ਸਦਾ ਨਿਆਣੇ ਹੁੰਦੇ ਨੇ' ਮਾਂ ਦੀ ਮਮਤਾ ਤੇ ਪਵਿੱਤਰ ਰਿਸ਼ਤੇ ਨੂੰ ਵਡਿਆਉਂਦਾ ਹੈ। ਹਾਕਮ ਸੂਫੀ ਨਵੇਂ ਕਲਾਕਾਰਾਂ ਨੂੰ ਆਖਦੇ ਸਨ ਕਿ ਉਹ ਹਮੇਸ਼ਾ ਆਪਣੇ ਵਿਰਸੇ ਨਾਲ ਜੁੜੇ ਰਹਿਣ, ਅਜਿਹੇ ਗੀਤਾਂ ਦੀ ਚੋਣ ਕਰਨ ਜਿਹੜੇ ਸਾਰਥਕ ਹੋਣ ਤੇ ਜਿਨ੍ਹਾਂ ਵਿੱਚ ਕੌਮ ਲਈ ਕੋਈ ਸੇਧ ਹੋਵੇ। ਪੱਛਮੀਕਰਨ ਦੀ ਹਨੇਰੀ 'ਚ ਸਾਨੂੰ ਆਪਣੀ ਧਰਤੀ, ਆਪਣਾ ਵਿਰਸਾ ਨਹੀਂ ਵਿਸਾਰਨਾ ਚਾਹੀਦਾ। ਹਾਕਮ ਸੂਫੀ ਸੰਗੀਤ ਨੂੰ ਬੰਦਗੀ ਮੰਨਦੇ ਸਨ। ਉਨ੍ਹਾਂ ਮੁਤਾ-ਬਕ ਗੀਤ ਸੰਗੀਤ ਸਿੱਖਣ ਲਈ ਬਹੁਤ ਘਾਲਾਂ ਘਾਲਣੀਆਂ ਪੈਂਦੀਆਂ ਹਨ। ਫਿਰ ਕਿਤੇ ਜਾ ਕੇ ਦਰਸ਼ਕਾਂ ਦਾ ਪਿਆਰ ਮਿਲਣ ਲੱਗਦਾ ਹੈ।

# ਇਹ ਤਾਂ ਉਹ ਹੀ ਸੀ..

-ਪ੍ਰੋ. ਜਤਿੰਦਰ ਬੀਰ ਸਿੰਘ ਨੰਦਾ

ਕੋਈ ਚਾਲੀ ਸਾਲ ਪਹਿਲਾਂ ਦੀ ਗੱਲ ਹੈ। ਜਵਾਨੀ ਦੇ ਦਿਨ ਸਨ। ਉਦੋਂ ਮੇਰੀ ਨਿਯੁਕਤੀ ਸੰਗਰੂਰ ਜ਼ਿਲੇ ਵਿੱਚ ਪੈਂਦੇ ਇਕ ਕਾਲਜ ਵਿੱਚ ਸੀ। ਇਕ ਦਿਨ ਕਾਲਜ ਤੋਂ ਕੰਮ ਮੁਕਾ ਕੇ ਮੈਂ ਰੋਟੀ ਛਕਣ ਲਈ ਮੁਲਤਾਨੀ ਦੇ ਢਾਬੇ ਗਿਆ। ਛੇਤੀ ਰੋਟੀ ਵੀ ਆ ਗਈ ਅਤੇ ਅੰਦਰ ਜਾ ਕੇ ਖਾਣ ਲੱਗ ਪਿਆ। ਕੁਝ ਸਮੇਂ ਬਾਅਦ ਇਕ ਪਰਵਾਰ ਰੋਟੀ ਖਾਣ ਆਇਆ ਅਤੇ ਮੇਰੇ ਨਾਲ ਵਾਲੇ ਮੇਜ਼ 'ਤੇ ਸਜ ਗਿਆ। ਪਰਵਾਰ ਨਾਲ ਉਨ੍ਹਾਂ ਦਾ ਨੌਕਰ ਵੀ ਸੀ, ਜਿਸ ਨੂੰ ਉਨ੍ਹਾਂ ਨੇ ਨਾਲ ਹੀ ਪਏ ਬੈਂਚ 'ਤੇ ਬਿਠਾ ਦਿੱਤਾ। ਕੁਝ ਦੇਰ ਬਾਅਦ ਜਦੋਂ ਉਨ੍ਹਾਂ ਅੱਗੇ ਭੋਜਨ ਪਰੋਸਿਆ ਗਿਆ ਤਾਂ ਉਹ ਖਾਣ ਲਈ ਇਸ ਤਰ੍ਹਾਂ ਉਲਰੇ ਜਿਵੇਂ ਕਈ ਦਿਨਾਂ ਦੇ ਭੁੱਖੇ ਹੋਣ। ਉਂਜ ਉਨ੍ਹਾਂ ਨੇ ਆਪਣੇ ਨੌਕਰ ਨੂੰ ਰੋਟੀ ਖਾਣ ਲਈ ਨਹੀਂ ਬੁਲਾਇਆ, ਨਾ ਉਹਦੇ ਲਈ ਵੱਖਰੀ ਰੋਟੀ ਮੰਗਵਾਈ। ਇਸ ਦੌਰਾਨ ਉਹ ਵਾਰ-ਵਾਰ ਖਾਣ ਪੀਣ ਦੀਆਂ ਹੋਰ ਵਸਤਾਂ ਦੀਆਂ ਪਲੇਟਾਂ ਮੰਗਵਾਉਂਦੇ ਰਹੇ ਅਤੇ ਖਾ-ਖਾ ਕੇ ਆਫਰ ਗਏ। ਫਿਰ ਸਾਰੇ ਜਣੇ ਡਕਾਰ ਮਾਰਨ ਲੱਗ ਪਏ।

ਇਹ ਦੇਖ ਕੇ ਮੇਰਾ ਹਾਸਾ ਰੋਕਣ 'ਤੇ ਵੀ ਨਹੀਂ ਸੀ ਰੁਕ ਰਿਹਾ, ਮੈਂ ਦੂਜੇ ਪਾਸੇ ਮੂੰਹ ਕਰਕੇ ਹੱਸਦਾ ਰਿਹਾ। ਫਿਰ ਇਸ ਪਰਵਾਰ ਦੇ ਜੀਅ ਰਸਤੇ ਵਿੱਚ ਮੇਰੇ ਨੇੜੇ ਬੈਂਚ 'ਤੇ ਬੈਠੇ ਨੌਕਰ ਕੋਲ ਆਏ, ਉਸ ਨੂੰ ਕਿਹਾ ਕਿ 'ਜਾ ਬਾਕੀ ਰਹਿੰਦਾ ਤੂੰ ਖਾ ਲੈ' ਅਤੇ ਖੁਦ ਬਾਹਰ ਕਾਰ ਵਿੱਚ ਜਾ ਬੈਠੇ ਅਤੇ ਉਸ ਦੀ ਉਡੀਕ ਕਰਨ ਲੱਗ ਪਏ। ਮੇਰਾ ਹੱਸਦਾ ਹੋਇਆ ਚਿਹਰਾ ਇਕਦਮ ਗਮਗੀਨ ਹੋ ਗਿਆ। ਮੈਂ ਸੋਚਿਆ, ਕੀ ਇਹ ਨੌਕਰ ਨੂੰ ਆਪਣੇ ਜੂਠ ਖਵਾਉਣਗੇ? ਮੇਰਾ ਦਿਲ ਪੀੜ ਨਾਲ ਭਰ ਗਿਆ। ਪਹਿਲਾਂ ਮੈਂ ਉਨ੍ਹਾਂ ਦਾ ਪਿੱਛਾ ਕਰਕੇ ਉਨ੍ਹਾਂ ਕੋਲ ਰੋਸ ਪ੍ਰਗਟ ਕਰਨ ਬਾਰੇ ਸੋਚਿਆ, ਪਰ ਫਿਰ ਕਿਸੇ ਹੋਰ ਸਮੇਂ ਉਨ੍ਹਾਂ ਨਾਲ ਵਿਸਥਾਰ ਨਾਲ ਗੱਲਬਾਤ ਕਰਨ ਬਾਰੇ ਮਨ ਬਣਾਇਆ।

ਜਦੋਂ ਉਹ ਨੌਕਰ ਉਨ੍ਹਾਂ ਦਾ ਬਚਿਆ ਖਾਣਾ ਖਾ ਕੇ ਮੇਰੇ ਕੋਲੋਂ ਲੰਘਣ ਲੱਗਿਆ, ਮੈਂ ਉਸ ਨੂੰ ਰੋਕ ਕੇ ਪੁੱਛਿਆ ਕਿ ਉਹ ਕੌਣ ਹੈ ਅਤੇ ਉਹਨੂੰ ਕੋਈ ਬੱਝਵੀਂ ਤਨਖਾਹ ਵੀ ਮਿਲਦੀ ਹੈ ਜਾਂ ਨਹੀਂ? ਇਕ ਦੋ ਸਵਾਲ ਹੋਰ ਸਨ। ਬੜੀ ਮਾਯੂਸੀ ਵਿੱਚ ਉਹ ਕਹਿਣ ਲੱਗਾ, 'ਮੈਨੂੰ ਕੋਈ ਤਨਖਾਹ ਨਹੀਂ ਮਿਲਦੀ। ਘਰ ਵਿੱਚ ਵੀ ਇਵੇਂ ਹੀ ਹੁੰਦਾ ਹੈ। ਕੱਪੜੇ ਵੀ ਉਤਾਰੇ ਹੋਏ ਦਿੰਦੇ ਹਨ। ਮੇਰੇ ਮਾਂ ਬਾਪ ਹੈ ਨਹੀਂ।' ਮੈਂ ਸੱਤੀ ਨਾਂ ਦੇ ਇਸ ਮੁੰਡੇ ਨੂੰ ਆਪਣੇ ਇਕ ਸਾਹਿਤਕਾਰ ਸਹਿਯੋਗੀ ਨੂੰ ਮਿਲਣ ਲਈ ਕਿਹਾ, ਜੋ ਸ਼ਹਿਰ ਵਿੱਚ ਕਾਫੀ ਰਸੂਖ ਰੱਖਦਾ ਸੀ ਤੇ ਕਈ ਸਮਾਜਿਕ ਤੇ ਵਿ-ਦਅਕ ਸੰਸਥਾਵਾਂ ਨਾਲ ਸੰਬੰਧਤ ਸੀ। ਉਸ ਸਾਹਿਤਕਾਰ ਦੋਸਤ ਨੇ ਪਹਿਲਾਂ ਉਸ ਨੂੰ ਆਪਣੇ ਘਰ ਕੰਮ 'ਤੇ ਰੱਖਿਆ, ਫਿਰ ਆਪਣੇ ਰਸੂਖ ਨਾਲ ਕਿਸੇ ਪ੍ਰਾਈਵੇਟ ਸਕੂਲ ਦਾ ਸੇਵਾਦਾਰ ਲਗਵਾ ਦਿੱਤਾ ਅਤੇ ਨਾਲ ਪੜ੍ਹਾਈ ਸ਼ੁਰੂ ਕਰਵਾ ਦਿੱਤੀ।

ਕੁਝ ਸਮੇਂ ਬਾਅਦ ਮੇਰੀ ਬਦਲੀ ਲੁਧਿਆਣੇ ਦੀ ਹੋ ਗਈ। ਹੌਲੀ-ਹੌਲੀ ਸੰਗਰੂਰ ਸ਼ਹਿਰ ਨਾਲੋਂ ਸੰਪਰਕ ਟੁੱਟਦਾ-ਟੁੱਟਦਾ ਆਖਰ ਮੁਕੰਮਲ ਰੂਪ ਵਿੱਚ ਟੁੱਟ ਗਿਆ। ਕੁਝ ਸਮਾਂ ਪਹਿਲਾਂ ਸੰਗਰੂਰ ਕਾਲਜ ਨੇ ਮੈਨੂੰ ਸਾਲਾਨਾ ਇਨਾਮ ਵੰਡ ਸਮਾਰੋਹ 'ਤੇ ਰਵਾਇਤ ਅਨੁਸਾਰ ਮਹਿਮਾਨ ਵਜੋਂ ਬੁਲ-ਾਇਆ। ਕਿਸੇ ਬੈਂਕ ਦੇ ਵੱਡੇ ਅਫਸਰ ਨੇ ਇਨਾਮ ਵੰਡਣ ਆਉਣਾ ਸੀ। ਸਮਾਰੋਹ ਵਾਲੇ ਦਿਨ ਮੈਂ ਸਿੱਧਾ ਪ੍ਰਿੰਸੀਪਲ ਦੇ ਕਮਰੇ ਵਿੱਚ ਜਾ ਪਹੁੰਚਿਆ ਜਿਹੜਾ ਮੇਰਾ ਪੁਰਾਣਾ ਸਹਿਯੋਗੀ ਸੀ। ਅਜੇ ਚਾਹ ਪਾਣੀ ਪੀ ਰਹੇ ਸਾਂ ਕਿ ਇਕ ਹੋਰ ਸ਼ਖਸ ਕਮਰੇ ਵਿੱਚ ਆਇਆ। ਇਸ ਸ਼ਖਸ ਨੇ ਕਮਰੇ ਅੰਦਰ ਵੜਦੇ ਸਾਰ ਮੈਨੂੰ ਪਛਾਣ ਲਿਆ, ਪਰ ਮੈਂ ਜ਼ੋਰ ਪਾਉਣ 'ਤੇ ਵੀ ਉਨ੍ਹਾਂ ਨੂੰ ਸਿਆਣ ਨਹੀਂ ਸਕਿਆ। ਪ੍ਰਿੰਸੀਪਲ ਮੈਨੂੰ ਜਕੋਤਕੀ ਵਿੱਚ ਦੇਖਦਿਆਂ ਬੋਲੇ, 'ਅੱਛਾ ਤੁਹਾਨੂੰ ਯਾਦ ਐ, ਬਹੁਤ ਪਹਿਲਾਂ ਮੁਲਤਾਨੀ ਢਾਬੇ 'ਤੇ ਤੁਹਾਨੂੰ ਸੱਤੀ ਮਿਲਿਆ ਸੀ ਅਤੇ ਉਸ ਨੂੰ ਤੁਸੀਂ ਮੇਰੇ ਕੋਲ ਭੇਜਿਆ ਸੀ..।' ਇੰਨਾ ਸੁਣਦਿਆਂ ਮੇਰੀ ਉਤਸੁਕਤਾ ਚਰਮ ਸੀਮਾ 'ਤੇ ਪੁੱਜ ਗਈ। ਇੰਨੇ ਨੂੰ ਪ੍ਰਿੰਸੀਪਲ ਬੋਲੇ, 'ਇਹ ਉਹੀ ਸੱਤੀ ਹੈ, ਇਹੀ ਅੱਜ ਦੇ ਮੁੱਖ ਮਹਿਮਾਨ ਹਨ, ਤੇ ਇਨ੍ਹਾਂ ਨੇ ਹੀ ਅੱਜ ਇਨਾਮ ਵੰਡਣੇ ਹਨ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

Sant Rampal Ji Maharaj Spiritual Discourse in Brampton on Sunday, September 1, 2019 from 10 am to 12pm

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage
Independently Owned and Operated

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਭਾਜਪਾ ਦੀ ਮੁੱਢਲੀ ਮੈਂਬਰਸ਼ਿਪ 18 ਕਰੋੜ ਤੋਂ ਪਾਰ...?



ਜਸਵੰਤ ਸਿੰਘ 'ਅਜੀਤ'

ਖਬਰਾਂ ਅਨੁਸਾਰ ਸੰਸਾਰ ਦੀ ਸਭ ਤੋਂ ਵੱਡੀਆਂ ਪਾਰਟੀਆਂ ਵਿੱਚ ਸ਼ੁਮਾਰ ਮੰਨੀ ਜਾਣ ਵਾਲੀ ਰਾਜਸੀ ਪਾਰਟੀ, ਭਾਜਪਾ ਦੀ ਮੁਢਲੀ ਮੈਂਬਰਸ਼ਿਪ 18 ਕਰੋੜ ਦਾ ਅੰਕੜਾ ਪਾਰ ਕਰ,ਇੱਕ ਨਵਾਂ ਰਿਕਾਰਡ ਕਾਇਮ ਕਰਨ ਵਲ ਵੱਧ ਰਹੀ ਹੈ। ਦਸਿਆ ਜਾਂਦਾ ਹੈ ਕਿ ਸ਼੍ਰੀ ਨਰੇਂਦਰ ਮੋਦੀ ਦੇ ਦੁਬਾਰਾ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪਾਰਟੀ ਨੇ 2 ਕਰੋੜ 20 ਲੱਖ ਨਵੇਂ ਮੈਂਬਰ ਬਣਾਏ ਜਾਣ ਦਾ ਟੀਚਾ ਮਿਥਿਆ ਸੀ, ਪਰ ਇਸਦਾ ਅਨੁਮਾਨਤ ਅੰਕੜਾ ਕਈ ਗੁਣਾਂ ਵੱਧ ਗਿਆ ਹੈ। ਇਸ ਸਫਲਤਾ ਤੋਂ ਪਾਰਟੀ ਲੀਡਰਸ਼ਿਪ ਬਹੁਤ ਖੁਸ਼ ਹੈ ਅਤੇ ਇਸ ਖੁਸ਼ੀ ਵਿੱਚ ਉਹ ਬਗਲਾਂ ਵੀ ਵਜਾ ਰਹੀ ਹੈ। ਭਾਜਪਾ ਦੇ ਕਾਰਜਕਾਰੀ ਪ੍ਰਧਾਨ ਜੇਪੀ ਨੱਢਾ ਨੇ ਪਾਰਟੀ ਦੀ ਮੈਂਬਰਸ਼ਿਪ ਮੁਹਿੰਮ ਦੀ ਸਫਲਤਾ ਪੁਰ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਸਤੋਂ ਸਾਬਤ ਹੋ ਜਾਂਦਾ ਹੈ ਕਿ ਦੇਸ਼ ਦੇ ਸਾਰੇ ਵਰਗਾਂ ਦਾ ਹੀ ਰੁਝਾਨ ਭਾਜਪਾ ਵਲ ਹੋ ਰਿਹਾ ਹੈ। ਉਨ੍ਹਾਂ ਨੇ ਇਹ ਦਾਅਵਾ ਵੀ ਕੀਤਾ ਕਿ ਇਹ ਅੰਕੜੇ ਇਹ ਵੀ ਸਾਬਤ ਕਰਦੇ ਹਨ ਕਿ ਲੋਕਾਂ ਦਾ ਭਾਜਪਾ ਪ੍ਰਤੀ ਕਿਤਨਾ ਅਟੁਟ ਵਿਸ਼ਵਾਸ ਹੈ। ਉਨ੍ਹਾਂ ਇਹ ਵੀ ਦਸਿਆ ਕਿ ਜਿਸ ਕਿਸੇ ਇਲਾਕੇ\ਖੇਤ੍ਰ ਵਿੱਚ ਭਾਜਪਾ ਦੀ ਮੈਂਬਰਸ਼ਿਪ ਮੁਹਿੰਮ ਨਾਲ ਜੁੜੀ ਟੋਲੀ ਪੁਜਦੀ ਹੈ, ਉਸੇ ਇਲਾਕੇ\ਖੇਤ੍ਰ ਦੇ ਆਮ ਅਤੇ ਖਾਸ ਲੋਕਾਂ ਵਿੱਚ ਭਾਜਪਾ ਨਾਲ ਜੁੜਨ ਪ੍ਰਤੀ ਉਤਸਾਹ ਤੇ ਜੋਸ਼ ਵੇਖਣ ਨੂੰ ਮਿਲਦਾ ਹੈ।

ਇਕ ਪ੍ਰਤੀਕਰਮ : ਬਗਲਾਂ ਨਾ ਵਜਾਉ:ਇਸ ਵਿੱਚ ਕੋਈ ਸ਼ਕ ਨਹੀਂ ਕਿ ਭਾਜਪਾ ਦੀ ਮੁਢਲੀ ਮੈਂਬਰਸ਼ਿਪ ਵਿੱਚ ਹੋਏ ਰਿਕਾਰਡ ਵਾਧੇ ਪੁਰ ਭਾਜਪਾ ਆਗੂਆਂ ਦਾ ਖੁਸ਼ ਹੋਣਾ ਅਤੇ ਬਗਲਾਂ ਵਜਾਣਾ ਸੁਭਾਵਕ ਹੈ। ਪ੍ਰੰਤੂ ਇਸਦੇ ਵਿਰੁਧ ਇਤਿਹਾਸਕਾਰਾਂ ਅਤੇ ਰਾਜਨੀਤੀਕਾਰਾਂ ਦਾ ਕਹਿਣਾ ਹੈ ਕਿ ਇਹ ਗਲ ਕੋਈ ਬਹੁਤ ਖੁਸ਼ੀ ਦੇਣ ਵਾਲੀ ਨਹੀਂ। ਉਨ੍ਹਾਂ ਦਾ ਮੰਨਣਾ ਹੈ ਕਿ ਜਦੋਂ ਵੀ ਕੋਈ ਪਾਰਟੀ ਸੱਤਾ ਵਿੱਚ ਹੁੰਦੀ ਜਾਂ ਅਉਂਦੀ ਹੈ ਤਾਂ ਸੱਤਾ-ਲਾਭ ਪ੍ਰਾਪਤ ਕਰਨ ਵਾਲੇ ਮੌਕਾਪ੍ਰਸਤਾਂ ਦਾ ਉਸ ਵਲ ਰੁਝਾਨ ਵੱਧ ਜਾਂਦਾ ਹੈ। ਉਹ ਦਸਦੇ ਹਨ ਕਿ ਜਦੋਂ ਪਾਰਟੀ ਸੱਤਾ ਤੋਂ ਬਾਹਰ ਹੁੰਦੀ ਹੈ ਤਾਂ ਇਹੀ ਮੌਕਾਪ੍ਰਸਤ ਉਸ ਵਲੋਂ ਮੂੰਹ ਮੋੜਨ ਵਿੱਚ ਦੇਰ ਨਹੀਂ ਲਾਂਦੇ। ਉਹ ਇਤਿਹਾਸਕ ਮਿਸਾਲ ਦਿੰਦੇ ਹੋਏ ਦਸਦੇ ਹਨ ਕਿ ਪੰਜਾਬ ਵਿਚੋਂ ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ਖਾਲਸਾ ਰਾਜ ਕਾਇਮ ਹੋਇਆ ਸੀ ਅਤੇ ਉਸਦਾ ਦਿਨ-ਬ-ਦਿਨ ਵਿਸਤਾਰ ਹੁੰਦਾ ਜਾ ਰਿਹਾ ਸੀ,ਤਾਂ ਉਸ ਸਮੇਂ ਲੋਕਾਂ ਵਿੱਚ ਸਿੱਖੀ ਸਰੂਪ ਧਾਰਣ ਕਰ ਸਿੱਖ ਬਣਨ ਦੀ ਹੋੜ ਲਗ ਗਈ ਸੀ। ਜਿਸਦਾ ਨਤੀਜਾ ਇਹ ਹੋਇਆ ਕਿ ਖਾਲਸਾ ਰਾਜ ਵਿੱਚ ਸਿੱਖਾਂ ਦੀ ਗਿਣਤੀ ਦਿਨਾਂ ਵਿੱਚ ਹੀ ਲੱਖਾਂ ਦੇ ਅੰਕੜੇ ਨੂੰ ਪਾਰ ਕਰ ਗਈ। ਇਨ੍ਹਾਂ ਮੌਕਾਪ੍ਰਸਤਾਂ ਵਿੱਚ ਉਹ ਡੋਗਰੇ ਵੀ ਸਨ, ਜਿਨ੍ਹਾਂ ਨੇ ਸਿੱਖੀ ਸਰੂਪ ਧਾਰਣ ਕਰ ਮਹਾਰਾਜੇ ਦਾ ਵਿਸ਼ਵਾਸ ਜਿਤਿਆ 'ਤੇਉਂਚ ਜ਼ਿਮੇਂਦਾਰ ਅਹੁਦਿਆਂ ਪੁਰ ਕਾਬਜ਼ ਹੋ ਗਏ। ਜਦੋਂ ਮਹਾਰਾਜੇ ਨੇ ਅੱਖਾਂ ਮੀਟੀਆਂ, ਸਭ ਤੋਂ ਪਹਿਲਾਂ ਇਹੀ ਡੋਗਰੇ ਅਸਲੀ ਰੂਪ ਵਿੱਚ ਆਏ ਤੇ ਇਨ੍ਹਾਂ ਨੇ ਅੰਗਰੇਜ਼ਾਂ ਨਾਲ ਗੰਢ-ਤਰੁਪ ਕਰ ਨਾ ਕੇਵਲ ਸਿੱਖ ਰਾਜ ਦਾ ਸੂਰਜ ਹੀ ਡੋਬਿਆ, ਸਗੋਂ ਗਦਾਰੀ ਦੇ ਮੁਲ ਵਜੋਂ ਸਮੁਚਾ ਕਸ਼ਮੀਰ ਵੀ ਹਥਿਆ ਲਿਆ। ਹੋਰ ਤਾਂ ਹੋਰ ਇਨ੍ਹਾਂ ਡੋਗਰਿਆਂ ਤੋਂ ਇਲਾਵਾ ਉਹ ਮੌਕਾਪ੍ਰਸਤ ਵੀ ਸਿੱਖੀ ਸਰੂਪ ਤਿਆਗ ਅਸਲੀ ਰੰਗ ਵਿੱਚ ਆ ਗਏ। ਅਸਲੀ ਸਿੱਖਾਂ ਦੀ ਗਿਣਤੀ ਲਖਾਂ ਤੋਂ ਹੇਠਾਂ ਆ ਮਾਤ੍ਰ ਪੰਜਾਹ ਹਜ਼ਾਰ ਦੇ ਲਗਭਗ ਹੀ ਰਹਿ ਗਈ। ਇਸੇ ਅਧਾਰ ਤੇ ਉਨ੍ਹਾਂ ਨੇ ਭਵਿਖ ਬਾਣੀ ਕਰਦਿਆਂ ਕਿਹਾ ਕਿ ਜੇ ਸਮਾਂ ਬੀਤਣ ਨਾਲ ਭਾਜਪਾ ਨਾਲ ਵੀ ਇਹੀ ਕੁਝ ਹੋਵੇ ਤਾਂ ਕਿਸੇ ਨੂੰ ਹੈਰਾਨੀ ਨਹੀਂ ਹੋਵੇਗੀ।

ਕਸ਼ਮੀਰੀਆਂ ਵਿਰੁਧ ਨਫਰਤ ਨਾ ਫੈਲਾਓ: ਇਨ੍ਹਾਂ ਹੀ ਦਿਨਾਂ ਵਿੱਚ ਇੱਕ ਬੁਧੀਜੀਵੀ ਸ਼ਿਵ ਪ੍ਰਸਾਦ ਜੋਸ਼ੀ ਨੇ ਆਪਣੇ ਤਾਜ਼ਾ ਕਾਲਮ ਵਿੱਚ ਲਿਖਿਆ ਹੈ ਕਿ ਇਸ ਸਮੇਂ ਕਸ਼ਮੀਰੀ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਦੇ ਦਿਲੋ-ਦਿਮਾਗ ਵਿਚੋਂ ਡਰ ਕਢਣਾ ਅਤੇ ਉਸਦੀ ਥਾਂ ਉਸ ਵਿੱਚ ਭਰੋਸਾ ਪੈਦਾ ਕਰਨਾ ਕੇਵਲ ਪੁਲਿਸ ਅਤੇ ਆਰਪੀਐਫ ਦੀ ਹੀ ਜ਼ਿਮੇਂਦਾਰੀ ਨਹੀਂ, ਰਾਜਸੀ ਪਾਰਟੀਆਂ ਅਤੇ ਉਨ੍ਹਾਂ ਦੇ ਆਗੂਆਂ ਦੇ ਨਾਲ ਹੀ ਸਮਾਜਸੇਵੀ ਸੰਸਥਾਵਾਂ ਅਤੇ ਸ਼ਹਿਰਾਂ ਦੇ ਪ੍ਰਮੁਖ ਸਜਣਾਂ ਨੂੰ ਵੀ ਇਹ ਜ਼ਿਮੇਂਦਾਰੀ ਨਿਭਾਉਣ ਲਈ ਅਗੇ ਆਉਣਾ ਚਾਹੀਦਾ ਹੈ। ਉਨ੍ਹਾਂ ਅਨੁਸਾਰ ਸ਼ੋਸ਼ਲ ਮੀਡੀਆ ਪੁਰ ਵੀ ਸ਼ਾਂਤੀ ਅਤੇ ਸਦਭਾਵਨਾ ਵਧਾਣ ਵਾਲਾ ਮਾਹੌਲ਼ ਸਿਰਜਨ ਵਿੱਚ ਮਦਦ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਹੋਰ ਕਿਹਾ ਕਿ ਰਾਜਸੀ ਪਾਰਟੀਆਂ ਦੇ ਆਗੂਆਂ ਤੇ ਵਰਕਰਾਂ ਨੂੰ ਸਮਝਣਾ ਚਾਹੀਦਾ ਹੈ ਕਿ ਉਹ ਆਪਣੀ ਲੜਾਈ ਰਾਜਸੀ ਢੰਗ ਨਾਲ ਹੀ ਲੜ ਕੇ ਜਿੱਤ ਸਕਦੇ ਹਨ। ਉਕਸਾਹਟ ਅਤੇਨਫਰਤ ਭਰਿਆ ਜੋਸ਼ ਪੈਦਾ ਕਰਕੇ ਆਪਣੀ ਲੜਾਈ ਨਹੀਂ ਜਿੱਤ ਸਕਦੇ। ਉਨ੍ਹਾਂ ਕਿਹਾ ਕਿ ਮੁਹੱਲਾ ਕਮੇਟੀਆਂ, ਹਾਉਸਿੰਗ ਸੋਸਾਇਟੀਆਂ ਅਤੇ ਕਿਰਾਏ ਤੇ ਕਮਰਾ ਦੇਣ ਵਾਲੇ ਮਕਾਨ ਮਾਲਕਾਂ ਨੂੰ ਵੀ ਸਦਭਾਵਨਾ ਬਣਾਈ ਰਖਣੇ ਦੇ ਲਈ ਆਪਣੀ ਗਲ ਨਿਡਰਤਾ ਨਾਲ ਸਾਹਮਣੇ ਰਖਣੀ ਚਾਹੀਦੀ ਹੈ। ਕਿਸੇ ਵੀ ਘਟਨਾ ਦੀ ਪ੍ਰਮਣਿਕਤਾ ਜਾਂਚੇ ਬਿਨਾਂ, ਉਸ ਪੁਰ ਆਪਣੀ ਪ੍ਰਤੀਕਿਰਿਆ ਦੇਣ ਤੋਂ ਸੰਜਮ ਵਰਤਿਆ ਜਾਣਾ ਚਾਹੀਦਾ ਹੈ। ਅੱਜਕਲ ਸਿਖਿਆ ਅਤੇ ਰੋਜ਼ਗਾਰ ਲਈ ਇੱਕ ਤੋਂ ਦੂਸਰੇ ਰਾਜ ਵਿੱਚ ਪਲਾਇਨ ਕੀਤਾ ਜਾਣਾ ਸੁਭਾਵਕ ਹੈ। ਇਨ੍ਹਾਂ ਹਾਲਾਤ ਵਿੱਚ ਜੇ ਇੱਕ-ਦੂਜੇ ਪ੍ਰਤੀ ਬੇ-ਰੁਖੀ ਬਣੀ ਰਹੀ ਤਾਂ ਇੱਕ ਰਾਜ ਤੋਂ ਦੂਜੇ ਰਾਜ ਵਿੱਚ ਆਉਣਾ-ਜਾਣਾ ਅਤੇ ਇੱਕ-ਦੂਜੇ ਦੇ ਗੁਆਂਢੀ ਬਣ ਕੇ ਰਹਿਣਾ ਵੀ ਮੁਸੀਬਤ ਬਣ ਜਾਇਗਾ। ਸ਼ਕ, ਅਵਿਸ਼ਵਾਸ, ਨਫਰਤ ਅਤੇ ਹਿੰਸਾ ਅਜਿਹੇ ਹੀ ਨਾਜ਼ੁਕ ਮੌਕਿਆਂ ਪੁਰ ਪਨਪਦੇ ਹਨ। ਇਸ ਕਰਕੇ ਇਹ ਧਿਆਨ ਰਖਣਾ ਬਹੁਤ ਜ਼ਰੂਰੀ ਹੈ ਕਿ ਆਪਸੀ ਪਿਆਰ,ਭਰੋਸਾ, ਇੱਕਜੁਟਤਾ ਅਤੇ ਭਾਈਚਾਰਾ ਵੀ ਅਜਿਹੇ ਮੌਕਿਆ ਪੁਰ ਹੀ ਬਣੇ ਰਹਿੰਦੇ ਹਨ।

ਬੀਐਸਐਨਐਲ ਹਜ਼ਾਰਾਂ ਬੰਦਿਆਂ ਦੀ ਛੁਟੀ ਕਰਨ ਦੇ ਮੂਡ ਵਿੱਚ : ਬੀਐਨਐਲ ਦੇ ਚੇਅਰਮੈਨ ਪ੍ਰਵੀਨ ਕੁਮਾਰ ਪੁਰਵਾਰ ਨੇ ਆਪਣੇ ਇੱਕ ਬਿਆਨ ਵਿੱਚ ਦਸਿਆ ਕਿ ਬੀਐਸਐਨਐਲ ਆਪਣੇ ਖਰਚ ਵਿੱਚ ਕਟੌਤੀ ਕਰਨ ਲਈ ਅੱਧੇ, ਲਗਭਗ 70 ਤੋਂ 80 ਹਜ਼ਾਰ ਤਕ, ਕਰਮਚਾਰੀਆਂ ਨੂੰ ਦਿਲਖਿਚਵੇਂ ਪੈਕਜ ਦੀ ਪੇਸ਼ਕਸ਼ ਕਰ, ਵੀਆਰਐਸ ਦੇ ਕੇ ਰਿਟਾਇਰ ਕਰਨ ਦੇ ਮੁੱਦੇ ਪੁਰ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹੈ। ਦਸਿਆ ਜਾਂਦਾ ਹੈ ਕਿ ਘਾਟੇ ਵਿੱਚ ਚਲ ਰਹੀ ਸਰਕਾਰੀ ਟੈਲਕਾਮ ਕੰਪਨੀ, ਬੀਐਸਐਨਐਲ ਜਿਥੇ ਇੱਕ ਪਾਸੇ ਆਪਣੀਆਂ ਜ਼ਮੀਨਾਂ ਕਿਰਾਏ ਪੁਰ ਦੇ ਕੇ ਪੈਸਾ ਜੁਟਾ ਰਹੀ ਹੈ, ਉਥੇ ਹੀ ਉਹ ਦੂਸਰੇ ਪਾਸੇ ਆਪਣੇ ਖਰਚ ਵਿੱਚ ਕਟੌਤੀ ਕਰਨ ਲਈ ਆਪਣੇ ਕਰਮਚਾਰੀਆਂ ਨੂੰ ਵੀਆਰਐਸ ਦੀ ਪੇਸ਼ਕਸ਼ ਕਰ ਰਿਟਾਇਰ ਕਰਨ ਦਾ ਮਨ ਵੀ ਲਗਭਗ ਬਣਾ ਚੁਕੀ ਹੈ। ਇਤਨੇ ਕਰਮਚਾਰੀਆਂ ਨੂੰ ਰਿਟਾਇਰ ਕਰ ਦਿੱਤੇ ਜਾਣ ਤੋਂ ਬਾਅਦ ਕੰਪਨੀ ਦਾ ਕੰਮ ਕਿਵੇਂ ਚਲੇਗਾ? ਇਸ ਸੁਆਲ ਦਾ ਜਵਾਬ ਦਿੰਦਿਆਂ ਸ਼੍ਰੀ ਪੁਰਵਾਰ ਨੇ ਦਸਿਆ ਕਿ ਠੇਕੇ ਪੁਰ ਮੁਲਾਜ਼ਮ ਦਾ ਪਰਬੰਧ ਕਰਕੇ ਇਸ ਘਾਟੇ ਨੂੰ ਪੂਰਾ ਕੀਤਾ ਜਾ ਸਕਦਾ ਹੈ। ਉਨ੍ਹਾਂ ਅਨੁਸਾਰ ਜੇ 70-80 ਹਜ਼ਾਰ ਕਰਮਚਾਰੀ ਰਿਟਾਇਰ ਹੋ ਵੀ ਜਾਂਦੇ ਹਨ ਤਾਂ ਵੀ ਕੰਪਨੀ ਪਾਸ ਇੱਕ ਲੱਖ ਦੇ ਕਰੀਬ ਕਰਮਚਾਰੀ ਬਚ ਰਹਿੰਦੇ ਹਨ।

ਆਰਥਕ ਸੰਕਟ ਦਾ ਸਾਹਮਣਾ : ਸ਼੍ਰੀ ਪੁਰਵਾਰ ਨੇ ਦਸਿਆ ਕਿ ਦੂਜੀਆਂ ਟੈਲੀਕਾਮ ਕੰਪਨੀਆਂ ਵਾਂਗ ਹੀ ਬੀਐਸਐਨਐਲ ਨੂੰ ਵੀ ਆਰਥਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਆਪਣੀਆਂ ਪ੍ਰਾਥਮਿਕਤਾਵਾਂ ਦਾ ਜ਼ਿਕਰ ਕਰਦਿਆਂ ਦਸਿਆ ਕਿ ਰੈਵੇਨਿਊ ਦਾ ਪ੍ਰਬੰਧ ਕਰਨਾ ਸਾਡੀ ਪਹਿਲੀ ਲੋੜ ਹੈ, ਆਪ੍ਰੇਸ਼ਨਲ ਖਰਚ ਨੂੰ ਪੂਰਿਆਂ ਕਰਨ ਦਾ ਪ੍ਰਬੰਧ ਕਰਨਾ ਸਾਡੇ ਲਈ ਦੂਸਰੇ ਨੰਬਰ ਤੇ ਹੈ। ਉਨ੍ਹਾਂ ਦਸਿਆ ਕਿ ਕਈ ਖਰਚੇ ਅਜਿਹੇ ਹਨ, ਜਿਨ੍ਹਾਂ ਪੁਰ ਦੁਬਾਰਾ ਵਿਚਾਰ ਕੀਤਾ ਜਾ ਸਕਦਾ ਹੈ ਅਤੇ ਕੁਝ ਪੁਰ ਪਹਿਲ ਕਰਕੇ ਕਾਬੂ ਪਾਇਆ ਜਾ ਸਕਦਾ ਹੈ। ਉਨ੍ਹਾਂ ਦਸਿਆ ਕਿ ਊਰਜਾ ਪੁਰ ਤਕਰੀਬਨ 2700 ਕਰੋੜ ਰੁਪਏ ਦਾ ਖਰਚ ਆਉਂਦਾ ਹੈ। ਜਿਸਨੂੰ ਕੰਟਰੋਲ ਕਰਨ ਲਈ ਊਰਜਾ ਦੀ ਖਪਤ ਵਿੱਚ 15 ਪ੍ਰਤੀਸ਼ਤ ਤਕ ਦੀ ਕਟੌਤੀ ਕਰਨ ਦੀ ਕੋਸ਼ਿਸ਼ ਕੀਤੀ ਜਾਇਗੀ।

...ਅਤੇ ਅੰਤ ਵਿੱਚ : 500 ਦੇ ਲਗਭਗ ਮਾਪਿਆਂ ਪੁਰ ਕੀਤੇ ਗਏ ਸਰਵੇ ਤੋਂ ਇਹ ਗਲ ਉਭਰ ਕੇ ਸਾਹਮਣੇ ਆਈ ਹੈ ਕਿ ਕਈ ਮਾਤਾ-ਪਿਤਾ ਆਪਣੇ ਬਚਿਆਂ ਨੂੰ ਰਿਸ਼ਵਤ ਦੇ ਰੂਪ ਵਿੱਚ ਪੈਸੇ ਦੇ ਰਹੇ ਹਨ ਤਾਂ ਜੋ ਉਹ ਸਮਾਰਟ ਫੋਨਾਂ ਅਤੇ ਟੈਬਲੇਟਾਂ ਵਲ ਬਹੁਤਾ ਨਾ ਝਾਕਣ। ਲਗਭਗ ਇੱਕ ਚੁਥਾਈ ਮਾਤਾ-ਪਿਤਾ ਅਪਣੇ ਬਚਿਆਂ ਨੂੰ ਸਕ੍ਰੀਨ ਟਾਈਮ ਘਟ ਅਤੇ ਫੋਨ ਛੱਡ ਕੇ ਜਲਦੀ ਸੌਂ ਜਾਣ ਲਈ ਵੀ ਰਿਸ਼ਵਤ ਵਜੋਂ ਪੈਸੇ ਦੇ ਰਹੇ ਹਨ। ਇਸਦਾ ਕਾਰਣ ਇਹ ਦਸਿਆ ਜਾਂਦਾ ਹੈ ਕਿ ਅੱਜਕਲ ਬੱਚੇ ਕਈ-ਕਈ ਘੰਟੇ ਸਮਾਰਟ ਫੋਨ ਅਤੇ ਟੈਬਲੇਟ ਦੇਖਣ ਵਿੱਚ ਬਿਤਾ ਰਹੇ ਹਨ। ਕਈ ਮਾਤਾ-ਪਿਤਾ ਨੇ ਸਵੀਕਾਰ ਕੀਤਾ ਕਿ ਉਨ੍ਹਾਂ ਦੇ ਬਚਿਆਂ ਲਈ ਸਕ੍ਰੀਨ ਟਾਈਮ ਘਟ ਕਰਨਾ ਬਹੁਤ ਹੀ ਮੁਸ਼ਕਲ ਹੋ ਰਿਹਾ ਹੈ।12 ਤੋਂ 15 ਵਰ੍ਹਿਆਂ ਦੇ ਕਈ ਬੱਚੇ ਵੀ ਸਵੀਕਾਰ ਕਰਦੇ ਹਨ ਕਿ ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਕਿ ਆਖਿਰ ਉਹ ਆਪਣੀ ਇਸ ਆਦਤ ਤੋਂ ਕਿਵੇਂਛੁਟਕਾਰਾ ਹਾਸਲ ਕਰਨ। ਉਨ੍ਹਾਂ ਨੂੰ ਤਾਂ ਇਉਂ ਜਾਪਣ ਲਗਾ ਹੈ ਕਿ ਜਿਵੇਂ ਕਿ ਇਹ ਆਦਤ ਉਨ੍ਹਾਂ ਦੇ ਜੀਵਨ ਦਾ ਇੱਕ ਜ਼ਰੂਰੀ ਹਿੱਸਾ ਬਣ ਗਈ ਹੋਈ ਹੈ।

ਮੋਬਾ: : +91 95 82 71 98 90

# ਗਰਥਾਂ ਵਿੱਚੋਂ ਗਰੰਥ ਹੈ ਸ੍ਰੀ ਗੁਰੂ ਗਰੰਥ ਮਹਾਨ ਭਾਦਰੋਏ ਸੁਦੀ ਥਿਤ ਏਕਮੰ ਗਰੰਥ ਸਥਾਪਤ ਠਾਨ



ਕਰਨੈਲ ਸਿੰਘ ਟੋਰਾਂਟੋ
416-746-7642

ੴ ਸਤਿਗੁਰ ਪ੍ਰਸਾਦਿ॥

ਪਹਿਲਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ ਤੇ ਵਿਸ਼ੇਸ਼

ਦੋਹਰਾ॥ ਸ੍ਰੀ ਨਾਨਕ ਪੁਰਸ਼ੋਤੰਮ,
ਪਰਮ ਪਰਾਵਰ ਨਾਥ॥
ਯੁਗਲ ਚਰਨ ਮਮ ਬੰਦਨਾ, ਧਰ ਪਰ
ਧਰਿ ਕਰਿ ਮਾਥ॥

ਦੋਹਰਾ॥ ਤਿਨ ਬੇਦੀਅਨ ਕੀ ਕੁਲ
ਬਿਖੇ, ਪ੍ਰਗਟੇ ਨਾਨਕ ਰਾਇ॥
ਸਭ ਸਿਖਨ ਕੋ ਸੁਖ ਦਏ, ਜਹ ਤਹ
ਭਏ ਸਹਾਇ॥ ੪॥ {ਦਸਮ ਗ੍ਰੰਥ ਪੰਨਾ
੨੧੦}

ਦੋਹਰਾ॥ਜਿਸ ਮਹਿ ਅੰਮ੍ਰਿਤ ਗਯਾਨ
ਹੈ, ਮਾਨਿਕ ਭਗਤਿ ਵਿਰਾਗ॥
ਸ੍ਰੀ ਗੁਰੂ ਗ੍ਰੰਥ ਸਾਹਿਬ ਉਦਧਿ, ਬੰਦੋਂ
ਕਰਿ ਅਨੁਰਾਗ॥ ੨੫॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਪੋਥੀਆਂ ਦੀ ਬਾਣੀ ਇਕੱਤਰ ਕਰਕੇ, ਭਗਤਾਂ ਅਤੇ ਭੱਟਾਂ ਦੀ ਬਾਣੀ, ਭਾਈ ਸਾਹਿਬ = ਭਾਈ ਗੁਰਦਾਸ ਜੀ ਪਾਸੋਂ ਲਿਖਵਾਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਕੇ, ਭਾਈ ਬੰਨੋ ਜੀ ਨੂੰ ਲਾਹੌਰ ਭੇਜ ਕੇ ਬੀੜ ਦੀ ਜਿਲਦ ਬੰਨ੍ਹਵਾਈ। ਭਾਦਰੋਂ ਸੁਦੀ ਏਕਮ ਸੰਮਤ ੧੬੬੧ ਨੂੰ ਸਿਖ ਸੰਗਤਾਂ ਦਾ ਭਾਰੀ ਇਕੱਠ ਬਲਾਕੇ, ਪਾਵਨ ਬੀੜ ਪਾਲਕੀ ਸਾਹਿਬ ਵਿਚ ਅਸਥਾਪਨ ਕਰਕੇ, ਸ੍ਰੀ ਹਰਿਮੰਦਰ ਸਾਹਿਬ ਵਿਚ ਆਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਬਾਬਾ ਬੁਢਾ ਜੀ ਪਹਿਲੇ ਗ੍ਰੰਥੀ ਅਸਥਾਪਨ ਕੀਤੇ। ਬਾਬਾ ਬੁਢਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਮੁਖ ਵਾਕ ਪ੍ਰਾਪਤ ਕੀਤਾ ਤਾਂ ਇਹ ਸ਼ਬਦ ਆਇਆ:-

ਸੂਹੀ ਮਹਲਾ ੫ {ਪੰਨਾ ੭੮੩}
ਸੰਤਾਂ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥

ਨਟ ਮ: ੪ {ਪੰਨਾ ੯੮੨}
ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ ੫॥

ਅਰਥ:- ਬਾਣੀ ਤਾਂ ਗੁਰੂ ਰੂਪ ਹੈ ਅਤੇ ਗੁਰੂ ਬਾਣੀ ਰੂਪ ਹਨ, ਗੁਰਬਾਣੀ ਦੇ ਵਿਚ ਹੀ ਸਾਰੇ ਅੰਮ੍ਰਿਤ ਹਨ। ਜੋ ਗੁਰਬਾਣੀ ਕਹਿੰਦੀ ਹੈ, ਉਸ ਨੂੰ ਜੇਕਰ ਸੇਵਕ ਜਨ ਸੱਤ ਸੱਤ ਕਹਿਕੇ ਮੰਨ ਲਵੇ, ਤਾਂ ਗੁਰੂ ਜੀ ਪ੍ਰਤੱਖ ਹੋ ਕੇ ਉਸ ਸੇਵਕ ਜਨ ਨੂੰ ਤਾਰਦੇ ਹਨ॥ ੫॥ ਪਰ ਸਿੱਖਾਂ, ਸੇਵਕਾਂ ਨੂੰ ਕੋਈ ਅਧਿਕਾਰ ਨਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਵਿਚੋਂ ਕਿਸੇ ਇਕ ਸ਼ਬਦ ਤੇ ਵੀ ਕਿੰਤੂ ਪ੍ਰੰਤੂ ਕਰੇ। ਜਿਹੜਾ ਕਿੰਤੂ ਕਰੇਗਾ ਉਹ ਗੁਰੂ ਗ੍ਰੰਥ ਸਾਹਿਬ ਦਾ ਸ਼ਰਧਾਲੂ ਸਿੱਖ ਨਹੀਂ, ਗੁਰੂ ਕਿਆਂ ਦਾ ਵਿਰੋਧੀ ਜਾਂ ਮਨਮੁਖ ਹੋਵੇਗਾ। ਗੁਰੂ ਸਾਹਿਬਾਨ ਜੀ ਦੀ ਗੁਰਬਾਣੀ, ਭਗਤਾਂ ਦੀ ਬਾਣੀ, ਭੱਟਾਂ ਦੀ ਬਾਣੀ, ਸਮੁੱਚੀ ਬਾਣੀ ਪੜ੍ਹਨੀ ਹੈ। ਸਮੁੱਚੀ ਬਾਣੀ ਦੀ ਵਿਆਖਿਆ ਕਰਨੀ ਹੈ। ਜੇਹੜੇ ਗੁਰਸਿਖ ਬਹੁਤ ਸਾਰੇ ਸ਼ਬਦਾਂ ਦੀ ਕਥਾ ਨਹੀਂ ਕਰਦੇ। ਸੰਤਾਂ ਭਗਤਾਂ ਦੀ ਨਿੰਦਿਆ ਕਰਦੇ ਹਨ। ਗੁਰੂ ਸਾਹਿਬ ਜੀ ਨੂੰ ਸੁਣੀਐ॥

ਮ: ੩॥
ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ॥
ਜਮ ਪੁਰਿ ਬਧੇ ਮਾਰੀਅਹਿ ਕੋ ਨ ਸੁਣੇ ਅਰਦਾਸਿ॥ {ਪੰਨਾ ੫੮੬}

ਅਰਥ: ਜਿਨ੍ਹਾਂ ਨੇ ਸਤਿਗੁਰਾਂ ਦਾ ਭਉ=ਡਰ ਧਾਰਨਾ ਛੱਡ ਦਿਤਾ ਹੈ, ਉਹਨਾਂ ਮਨਹਠੀਆਂ ਦਾ ਕੋਈ ਕੰਮ ਰਾਸ ਨਹੀਂ ਆਉਂਦਾ। ਉਹ ਜਮਪੁਰੀ ਨੂੰ ਬੱਧੇ ਜਾਂਦੇ ਹਨ। ਕਿਤੇ ਪੁਕਾਰ ਨਹੀਂ ਸੁਣੀ ਜਾਂਦੀ। ਗੁਰੂ ਪਿਆਰੀ ਸਾਧ ਸੰਗਤਿ ਜੀਓ ਆਪ ਵਡਭਾਗੇ ਹੋ, ਜੋ ਗੁਰੂ ਗ੍ਰੰਥ ਸਾਹਿਬਾਨ ਜੀ ਦਾ ਪਹਿਲਾ ਪ੍ਰਕਾਸ਼ ਦਿਵਸ ਮਨਾ ਰਹੇ ਹੋ। ਪਰ ਯਾਦ ਰਖੋ ਖਾਲੀ ਡਰਾਮੇ ਕਰਕੇ ਗੁਰੂਜੀ ਖੁਸ਼ੀਆਂ ਨਹੀਂ ਬਖਸ਼ਦੇ, ਉਹ ਸਾਡੇ ਇਕ ਇਕ ਕਰਮ ਕੀਤੇ ਨੂੰ ਲਿਖ ਰਹੇ ਹਨ।

ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸੱਚਾ ਦਰਬਾਰ॥{ਪੰਨਾ ੭}

ਅਰਥ:- ਇਕ ਇਕ ਕੰਮ: ਚਿਤ੍ਰ ਅਤੇ ਗੁਪਤ, ਤੇਰੇ ਮੋਢਿਆਂ ਤੇ ਬੈਠੇ ਲਿਖਦੇ ਹਨ। ਧਰਮ ਰਾਜਾ ਪੜ੍ਹ ਕੇ ਫੈਸਲਾ ਸੁਣਾਇਗਾ। ਪਰਮਾਤਮਾ ਆਪ ਸੱਚਾ ਹੈ ਉਸਦਾ ਦਰਬਾਰ =ਕਚਿਹਰੀ ਵੀ ਸੱਚੀ ਹੈ। ਝੂਠਿਆਂ ਨੂੰ ਤੇਲ ਦੇ ਕੜਾਹਿਆਂ ਵਿਚ ਤਲਿਆ ਜਾਂਦਾ ਹੈ। ਜਦੋਂ ਅਕਾਲ ਪੁਰਖ ਸਰੂਪ ਅਨੰਦਪੁਰ ਵਿਚ, ਸ੍ਰੀ ਗੁਰੂ ਗੋਬਿੰਦ ਸਿੰਘ ਨਾਮ ਰਖਾਕੇ ਆਏ ਸੀ, ਗੋਲਕ ਦੀ ਮਾਇਆ ਚੋਰੀ ਖਾਣ ਵਾਲਿਆਂ ਨੂੰ ਤੇਲ ਦੇ ਕੜਾਹਿਆਂ ਵਿਚ ਪਕੌੜਿਆਂ ਵਾਂਗ ਤਲਿਆ ਸੀ। ਹੁਣ ਅਗੇ ਪ੍ਰਲੋਕ ਵਿਚ ਪਾਪੀਆਂ ਨੂੰ ਤੇਲਦੇ ਕੜਾਹੇ ਤਪੇ ਹੋਏ ਹਨ, ਗੁੜ ਦੇ ਕੜਾਹੇ, ਅਗਨੀ ਦੇ ਕੁੰਡ ਵਿਚ ਸੁਟਿਆ ਜਾਂਦਾ ਹੈ ਅਤੇ ਮਲਮੂਤ੍ਰ ਅਤੇ ਲਹੂ, ਰਾਧ, ਮੂੰਹ ਦੀਆਂ ਰਾਲਾਂ, ਆਦਿਕ ਵਿਚ ਸੁਟਿਆ ਜਾਦਾ ਹੈ, ਪਾਪੀਆਂ ਤਾਂਈਂ। ਸਤਾਰਾਂ ਨਰਕ ਕੁੰਭੀ ਨਰਕ ਦੇ ਅੰਦਰ ਹਨ। ਇਕ ਨਰਕ ਅਠਾਰਵਾਂ ਧਰਤੀ ਤੇ ਰੱਖਿਆ ਹੈ, ਲੋਕਾਂ ਨੂੰ ਦਿਖਾਉਣ ਲਈ ਜਿਹੜੇ ਪਾਪ ਕਰ ਕੇ ਕਹਿੰਦੇ ਹਨ, ਨਰਕ ਸੁਰਗ ਇਥੇ ਹੀ ਹੈ, ਅਗੇ ਕੋਈ ਨਹੀਂ। ਧਰਤੀ ਦਾ ਨਰਕ। ਨੇਤ੍ਰਹੀਣ, ਗੁੰਗੇ ਬੋਲੇ, ਤਨ ਢਕਣ ਨੂੰ ਵਸਤ੍ਰ ਨਹੀਂ, ਪੇਟ ਭਰਨ ਨੂੰ ਰੋਟੀ ਨਹੀਂ। ਪਿੰਗਲੇ ਹਨ, ਸਾਲਾਂ ਬੱਧੀ ਭਿਆਨਕ ਬੀਮਾਰੀ ਕਰਕੇ ਬੈਡਾਂ ਤੇ ਪਏ ਹਨ ਜਾਂ ਹਸਪਤਾਲਾਂ ਵਿਚ ਪਏ ਹਨ। ਜੇਕਰ ਇਹ ਅਠਾਰਵਾਂ ਨਰਕ ਸਾਡੇ ਸਾਹਮਣੇ ਹੈ ਤਾਂ ਉਪਰਲੇ ਸਤਾਰਾਂ ਨਰਕ ਵੀ ਹਨ। ਸ੍ਰੀ ਗੁਰੂ ਨਾਨਕ ਦੇਵ ਆਪ ਹੀ ਨਿਰੰਕਾਰ ਸਰੂਪ ਮਨੁੱਖਾ ਦੇਹੀ ਧਾਰ ਕੇ, ਆਪਣੇ ਸਾਰੇ ਰੂਲ ਗੁਰੂ ਗ੍ਰੰਥ ਵਿਚ ਲਿਖ ਗਏ। ਜੋ ਪ੍ਰਾਣੀ ਗੁਰਬਾਣੀ ਪੜ੍ਹ ਕੇ ਮੰਨਣਾ ਕਰਨਗੇ, ਉਹ ਪਰਮਾਤਮਾ ਵਿਚ ਮਿਲ ਜਾਣਗੇ। ਗੁਰੂ ਜੀ ਦੇ ਬਚਨਾਂ ਦੀ ਉਲੰਘਣਾ ਕਰਨ ਵਾਲੇ ਉਪਰ ਲਿਖੇ ਅਠਾਰਾਂ ਨਰਕਾਂ ਵਿਚ ਗੋਤੇ ਖਾਣਗੇ। ਫੇਰ ਚੌਰਾਸੀ ਲੱਖ ਜੂਨਾਂ ਵਿਚ ਕਰੋੜਾਂ ਬਰਸ ਫਿਰਨਗੇ।

ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਹਾਹਾ॥
ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥ {ਪੰਨਾ ੧੩੮੩}

ਅਰਥ:- ਅਗੈ ਦੋਜਕੁ=ਨਰਕ ਤਪਿਆ ਹੈ। ਦੁਖੀ ਪਾਪੀਆਂ ਜੀਵਾਂ ਦਾ ਹਾਹਾਕਾਰ ਮਚਿਆ ਹੋਇਆ ਹੈ, ਡੰਡ ਰੌਲਾ ਪਾ ਰਹੇ ਹਨ। ਧਰਮ ਰਾਜਾ ਕਹੇਗਾ ਕੇ ਜਿਨਾਂਨੇਂ ਗੁਰੂ ਗ੍ਰੰਥ ਸਾਹਿਬ ਅੱਗੇ ਖੜ੍ਹ ਕੇ ਝੂਠੀਆਂ ਅਰਦਾਸਾਂ ਕੀਤੀਆਂ ਹਨ, ਇਹਨਾਂ ਨੂੰ ਮਹਾਂ ਹਤਿਆਰਿਆਂ ਵਿਚ ਰਖੋ।

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆਂ ਤਿਉ ਮਥੇ ਧ੍ਰਮਰਾਇ॥{ਪੰਨਾ ੧੪੨੫}

ਅਰਥ:- ਪਾਪੀ ਜੀਵ ਪਾਪ ਕਰਮ ਕਰਨ ਵਾਲੇ, ਜਮਾਂ ਦੀ ਕੁਟਾਈ ਨਾਲ ਅਤੇ ਨਰਕਾਂ ਦੇ ਦੁਖ ਨਾਲ, ਹਾਏ ਹਾਏ ਪੁਕਾਰਦੇ ਹਨ। ਜਿਵੇਂ ਮਧਾਣੀਆਂ ਦੁੱਧ ਨੂੰ ਕੁੱਟ ਕੁੱਟ ਕੇ ਮੱਖਣ ਕਢਦੀ ਹੈ।ਇਸੇ ਤਰ੍ਹਾਂ ਧਰਮਰਾਜਾ ਪਾਪੀਆਂ ਨੂੰ ਗਲ ਵਿਚ ਫਾਂਸੀ ਪੁਆ ਕੇ ਲੋਹੇ ਦੇ ਮੁਧਗਰਾਂ ਨਾਲ ਕੁਟਾਂਦਾ ਹੈ ਜਮਾਂ ਪਾਸੋਂ।

ਦੇਵਗੰਧਾਰੀ ਮਹਲਾ ੫॥{ਪੰਨਾ ੫੩੫}
ਝੂਠੈ ਕੀ ਰੇ ਝੂਠੁ ਪਰੀਤਿ ਛੂਟਕੀ ਰੇ ਮਨ ਛੂਟਕੀ ਰੇ॥
ਸਾਕਤ ਸੰਗਿ ਨ ਛੂਟਕੀ ਰੇ॥ ੧॥ਰਹਾਉ॥

ਅਰਥ: ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:- ਝੂਠੇ ਪੁਰਸ਼ਾਂ ਦੀ ਪ੍ਰੀਤੀ ਪਾਖੰਡ ਰੂਪ ਹੁੰਦੀ ਹੈ, ਝੂਠੇ ਪੁਰਸ਼ ਦਾ ਮੱਥਾ ਟੇਕਿਆ ਪ੍ਰਵਾਨ ਨਹੀਂ ਹੁੰਦਾ, ਉਸਦਾ ਦਾਨ ਪੁੰਨ ਵੀ ਥਾਏਂ ਨਹੀਂ ਪੈਂਦਾ। ਐ ਦੁਨੀਆਂ ਦੇ ਲੋਗੋ ਝੂਠੇ=ਸਾਕਤ ਪੁਰਸ਼ ਨਾਲ ਸੰਗਤਿ ਨਾ ਕਰੋ ਉਸ ਦੀ ਸੰਗਤਿ ਕਰਕੇ ਉਸਦੇ ਪਾਪ ਤੁਹਾਨੂੰ ਵੀ ਲੱਗ ਜਾਣਗੇ, ਜਮਾਂ ਤੋਂ ਨਹੀਂ ਛੁਟੋਗੇ।

ਮੂਲਾ ਖਤ੍ਰੀ ਸਿਆਲ ਕੋਟ ਦੇ ਰਹਿਣ ਵਾਲਾ, ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਉਦਾਸੀ ਧਾਰਨ ਕਰਕੇ ਕਈ ਸਾਲ ਵਿਚਰਦਾ ਰਿਹਾ। ਇਕ ਦਿਨ ਮੋਹ ਜਾਗ ਪਿਆ ਕਹਿਣ ਲੱਗਾ ਜੀ ਮੈਂ ਘਰ ਜਾਣਾ ਚਾਹੁੰਦਾ ਹਾਂ। ਗੁਰੂ ਜੀ ਕਿਹਾ ਤੇਰੀ ਮਰਜ਼ੀ, ਘਰ ਆ ਗਿਆ। ਕਾਫੀ ਸਮਾਂ ਬਾਦ ਗੁਰੂ ਜੀ ਸਿਆਲਕੋਟ ਆਏ, ਗੁਰੂ ਜੀ ਕਿਹਾ ਮਰਦਾਨਾ ਮੂਲਾ ਆਪਣਾ ਦੋਸਤ ਇਥੇ ਰਹਿੰਦਾ ਹੈ। ਉਸ ਨੂੰ ਮਿਲਨਾ ਹੈ। ਜਿਸ ਸਮੇਂ ਘਰ ਦੇ ਨਜ਼ਦੀਕ ਆਏ ਮੂਲੇ ਦੀ ਘਰ ਵਾਲੀ ਨੇ ਪਹਿਚਾਣ ਲਏ। ਕਹਿਣ ਲਗੀ ਜਿਹੜੇ ਸਾਧੂਆਂ ਨਾਲ ਤੁਸੀਂ ਗਏ ਸੀ, ਉਹ ਫੇਰ ਆ ਗਏ ਹਨ। ਤੁਹਾਨੂੰ ਫੇਰ ਲੈ ਜਾਣਗੇ, ਅਸੀ ਬਹੁਤ ਦੁਖੀ ਹੋਵਾਂਗੇ। ਤੁਸੀਂ ਪਾਥੀਆਂ ਵਾਲੇ ਕੋਠੇ ਵਿਚ ਲੁਕ ਜਾਉ, ਬਦਕਿਸਮਤੀ ਨਾਲ ਮੂਲਾ ਅੰਦਰ ਲੁਕ ਗਿਆ। ਗੁਰੂ ਜੀ ਨੇ ਪਿਆਰ ਵਿਚ ਆਵਾਜ਼ ਦਿਤੀ ਮੂਲਿਆ ਆ ਤੇਰੇ ਪਿਆਰ ਵਿਚ ਤੈਨੂੰ ਮਿਲਨ ਆਏ ਹਾਂ। ਘਰ ਵਾਲੀ ਨੇ ਮੋਰੀ ਥਾਣੀ ਬੋਲ ਕੇ ਕਿਹਾ ਮੂਲਾ ਘਰ ਨਹੀਂ। ਝੂਠ ਬੋਲੀ, ਇਸ ਝੂਠ ਕਰਮ ਵਿਚ ਮੂਲੇ ਦਾ ਵੀ ਸਹਿਯੋਗ ਸੀ। ਗੁਰੂ ਜੀ ਨੇ ਤਿੰਨ ਆਵਾਜ਼ਾਂ ਮਾਰੀਆਂ, ਆਖਰ ਸਮਝ ਗਏ ਕੁਟਲਨੀਤੀ ਕੇ ਮੂਲਾ ਮੋਹ ਵਸ ਹੋ ਕੇ ਸਾਨੂੰ ਘਰ ਆਇਆਂ ਨੂੰ ਨਹੀ ਮਿਲਦਾ। ਸਾਨੂੰ ਇਤਨਾ ਪਿਆਰ ਕਰਦਾ ਸੀ ਅਤੇ ਸ਼ਰਧਾ ਵਾਲਾ ਸੀ। ਦੀਨ ਦੁਨੀਆ ਦੇ ਮਾਲਕ ਘਟਾਂ ਘਟਾਂ ਦੀ ਜਾਣਨ ਵਾਲੇ ਸਮਝ ਗਏ ਝੂਠੀ ਪ੍ਰੀਤੀ, ਸਰਾਪ ਦੇ ਦਿਤਾ ।

ਸਲੋਕ ਵਾਰਾਂ ਤੇ ਵਧੀਕ ਮ: ੧ {ਪੰਨਾ ੧੪੧੨}
ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥
ਮਰਣ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥ ੨੧॥

ਅਰਥ: ਇਹਨਾਂ ਕਿਰਾੜਾਂ ਨਾਲ ਦੋਸਤੀ ਕਰਨੀ ਠੀਕ ਨਹੀਂ, ਕਿਉਂਕਿ ਇਹ ਕੂੜੇ=ਝੂਠੇ ਹਨ। ਮੂਲਿਆ ਤੈਨੂੰ ਮਰਣਾ ਯਾਦ ਨਹੀਂ ਕੇ ਤੇਰੀ ਮੌਤ ਕਿਥੇ ਆਉਣੀ ਹੈ। ਨਿਰੰਕਾਰ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿਤ੍ਰ ਰਸਨਾ ਤੋਂ ਇਹ ਸ਼ਬਦ ਨਿਕਲਿਆ। ਉਸੇ ਟਾਇਮ ਮੂਲੇ ਖਤ੍ਰੀ ਨੂੰ ਕਾਲਾ ਨਾਗ ਲੜ ਗਿਆ। ਥੋੜੇ ਸਮੇਂ ਵਿਚ ਮੌਤ ਹੋ ਗਈ। ਖਾਲਸਾ ਜੀ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਹਨਾਂ ਦੇ ਸਾਹਮਣੇ ਕੋਈ ਝੂਠੀ ਕਾਰਵਾਈ ਨਾ ਕਰੋ, ਇਹਨਾਂ ਦੇ ਬਚਨਾਂ ਤੇ ਪਹਿਰਾ ਦੇਵੋ। ਜੋ ਮੰਗੋਗੇ ਸੋ ਦੇਣਗੇ। ਇਸੇ ਤਰ੍ਹਾਂ ਖਡੂਰ ਸਾਹਿਬ ਵਿਚ, ਇਕ ਤਪਾ ਨਾਥ ਰਹਿੰਦਾ ਸੀ, ਉਹ ਗੁਰੂ ਅੰਗਦ ਦੇਵ ਜੀ ਨਾਲ ਈਰਖਾ ਕਰਦਾ ਸੀ। ਗੁਰੂ ਅਮਰਦਾਸ ਜੀ ਨੇ ਉਸ ਤਪੇ ਨਾਥ ਨੂੰ ਇਕ ਪਾਸੇ ਬੈਲ ਪੰਜਾਲੀ ਵਿਚ, ਦੂਜੇ ਪਾਸੇ ਸਾਧ ਨੂੰ ਜੋੜ ਕੇ ਜਾਨ ਤੋਂ ਮਾ-ਰਆ ਸੀ। ਪਾਪੀਆਂ ਨੂੰ ਗੁਰੂ ਕੇ ਨਿੰਦਕਾਂ ਦੋਖੀਆਂ ਨੂੰ ਡੰਡ ਦਿੰਦੇ ਹਨ। ਕਵੀ ਜੀ ਇਉਂ ਕਹਿੰਦੇ ਹਨ :- ਸਾਦ ਨੂੰ ਜੋੜ ਪੰਜਾਲੀ ਅਮਲੀ ਇਕ ਲਾਤਾ ਹਾਲੀ, ਅਮਲੀ ਨੇ ਮਾਰਿਆ ਛਾਂਟਾ, ਸਾਧ ਦਾ ਸੁਕ ਗਿਆ ਗਾਟਾ। ਪੇਟ ਵੀ ਫਲਾਇਆ ਖਾ ਕੇ, ਬਈ ਜੈਸਾ ਕੰਮ ਕਰੂ ਜੱਗ ਮੇਂ, ਤੈਸਾ ਭੋਗਣਾ ਪਊਗਾ ਚਿੱਤ ਲਾਕੇ, ਬਈ ਜੈਸਾ ਕੰਮ॥ ੨॥

ਅੱਲਕ ਬੈੜਕੇ ਦਾ ਖਿਚਿਆ ਹੋਇਆ ਸਾਧ ਹਲ ਪੰਜਾਲੀ ਵਿਚ ਮਰ ਗਿਆ। ਜਿਥੇ ਤੱਕ ਹਲ ਨੂੰ ਜੁੜਿਆ ਸਾਧ ਗਿਆ, ਉਥੇ ਤੱਕ ਪਿਛੇ ਪਿਛੇ ਮੀਂਹ ਵੱਰ੍ਹਦਾ ਗਿਆ। ਜਿਥੇ ਸਾਧ ਮਰ ਗਿਆ ਉਥੇ ਮੀਂਹ ਖੱੜ੍ਹ ਗਿਆ। ਜਿਨ੍ਹਾਂ ਦੇ ਖੇਤ ਸੁਕੇ ਰਹਿ ਗਏ,

ਉਹ ਕਹਿਣ ਲੱਗੇ ਸਾਡੇ ਖੇਤ ਸੁਕੇ ਰਹਿ ਗਏ। ਤੁਸੀਂ ਕਿਹਾ ਸੀ, ਜਿਥੇ ਹਲ ਪੰਜਾਲੀ ਜੁੜਿਆ ਸਾਧ ਜਾਏਗਾ, ਉਥੇ ਮੀਂਹ ਪਊਗਾ। ਗੁਰੂ ਅਮਰਦਾਸ ਕਹਿਣ ਲੱਗੇ ਇਸ ਮਹਾਂ ਪਾਪੀ ਸਾਧ ਦੀਆਂ ਬੋਟੀਆਂ ਕੁਹਾੜੀਆਂ ਨਾਲ ਵੱਡ ਕੇ ਆਪੋ ਆਪਣੇ ਖੇਤਾਂ ਵਿਚ ਲੈ ਜਾਉ, ਖੈਹਰੇ ਜੱਟਾਂ ਨੇ ਸਾਧ ਈਰਖਾਲੂ ਦੀਆਂ ਬੋਟੀਆਂ ਵੱਡ ਕੇ ਖੇਤਾਂ ਵਿਚ ਲਿਜਾ ਕੇ ਮੀਂਹ ਪਵਾ ਲਿਆ। ਇਹ ਸਾਖੀ ਮੇਰੀ ਲਿਖੀ ਪੁਸਤਕ = ਨਾਮ ਕੀ ਮਹਿਮਾ =ਵਿਚ ਵਿਸਥਾਰ ਨਾਲ ਪੜ੍ਹੋ ਜੀ।

ਨੋਟ:- ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਕੇ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਪਹਿਲਿਆਂ ਜੁਗਾਂ ਵਿਚ ਵੀ ਅਵਤਾਰ ਧਾਰਦੇ ਆਏ ਹਨ।

ਆਸਾ ਮਹਲਾ ੫ ॥{ਪੰਨਾ ੬੧੧}
ਪ੍ਰਗਟਿ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਦੀ ਵਡਿਆਈ॥ ੪॥

ਅਰਥ:- ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਸਾਰਿਆਂ ਜੁਗਾਂ ਵਿਚ ਪ੍ਰਗਟ ਹੈ।

ਸਵਈਏ ਮਹਲੇ ਚੌਥ ਕੇ ॥{ਪੰਨਾ ੧੪੦੧}
ਤਥਾ: ਸ੍ਰੀ ਪ੍ਰਹਿਲਾਦ ਭਗਤ ਉਧਰੀਅੰ॥ਹਸ੍ਰ ਕਮਲ ਮਾਥੇ ਪਰ ਧਰੀਅੰ॥

ਅਰਥ:- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਰ ਸਿੰਘ ਰੂਪ ਧਾਰਕੇ ਪ੍ਰਹਿਲਾਦ ਭਗਤ ਨੂੰ ਉਸ ਦੇ ਪਿਤਾ ਹਰਨਾਖਸ਼ ਪਾਸੋਂ ਬਚਾਇਆ ਸੀ।

ਸਵਈਏ ਮਹਲੇ ਪਹਿਲੇ ਕੇ {ਪੰਨਾ ੧੩੯੦}
ਸਤਿ ਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥

ਅਰਥ:- ਭੱਟ ਆਪਣੀ ਰਚਨਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਸ ਗਾਇਣ ਕਰਦੇ ਹਨ। ਸਤਿਜੁਗ ਵਿਚ ਆਪ ਜੀ ਨੇ ਬਾਵਨ ਅਵਤਾਰ ਧਾਰ ਕੇ ਬਲ ਰਾਜੇ ਨੂੰ ਛਲਿਆ ਸੀ। ਤ੍ਰਤੇ ਜੁਗ ਵਿਚ ਰਾਮ ਚੰਦ੍ਰ ਰੂਪ ਧਾਰ ਕੇ ਆਏ ਸੀ। ਰਾਵਣ ਨੂੰ ਮਾਰ ਕੇ ਸੀਤਾ ਨੂੰ ਛਡਾ ਕੇ ਲਿਆਏ ਸਨ। ਰਘੂਵੰਸ਼ ਵਿਚ ਆਏ ਸਨ।

ਦੁਆਪੁਰਿ ਕ੍ਰਿਸ਼ਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥
ਉਗ੍ਰਸੈਣ ਕਉ ਰਾਜੇ ਅਭੈ ਭਗਤਹ ਜਨ ਦੀਓ॥

ਅਰਥ:- ਦੁਆਪਰ ਜੁਗ ਵਿਚ ਕਿਸ਼ਨ ਮੁਰਾਰੀ ਰੂਪ ਧਾਰਕੇ ਰਾਜੇ ਕੰਸ ਨੂੰ ਮਾਰਿਆ ਸੀ

ਮਥਰਾ ਦਾ ਰਾਜ ਉਗਰਸੈਣ ਨੂੰ ਦਿਤਾ ਸੀ।

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦ ਪੁਰਖਿ ਫੁਰਮਾਇਓ॥੭॥

ਅਰਥ: ਪਿਛਲਿਆਂ ਜੁਗਾਂ ਵਾਂਗ ਕਲਜੁਗ ਵਿਚ ਗੁਰੂ ਨਾਨਕ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਤੁਹਾਡੀ ਅੱਗੇ ਗਿਆਰਵੇਂ ਗੁਰੂ ਗ੍ਰੰਥ ਸਾਹਿਬ ਤੱਕ ਪੀੜ੍ਹੀ ਚਲੀ ਆਉਂਦੀ ਹੈ। ਹੋਈਆਂ ਭੁੱਲਾਂ ਦੀ ਮਾਫੀ ਚਾਉਂਦਾ ਹਾਂ ਜੀ।

ਕਰਨੈਲ ਸਿੰਘ ਟੋਰੋਂਟੋ
416-746-7642

## ਪ੍ਰਦੂਸ਼ਣ ਲਾਇਸੈਂਸ

-ਸੁਰਜੀਤ ਸਿੰਘ ਕਾਲੇਕੇ

ਸਕੂਟਰ ਖਰੀਦੇ ਨੂੰ ਹਾਲੇ ਥੋੜ੍ਹੇ ਮਹੀਨੇ ਹੋਏ ਸਨ, ਕਾਪੀ ਵੀ ਨਵੀਂ ਬਣ ਕੇ ਆ ਗਈ, ਬੀਮੇ ਆਦਿ ਦੇ ਕਾਗਜ਼ ਵੀ ਪੂਰੇ ਸਨ। ਡਰਾਈਵਿੰਗ ਲਾਇਸੈਂਸ ਪਹਿਲਾਂ ਵਾਲਾ ਸੀ ਅਤੇ ਰੀਨਿਊ ਵੀ ਪਿੱਛੇ ਜਿਹੇ ਕਰਾਇਆ ਸੀ, ਕਿਸੇ ਤਰ੍ਹਾਂ ਦਾ ਕੋਈ ਖਤਰਾ ਨਹੀਂ ਸੀ। ਸਿੱਧੇ ਸ਼ਬਦਾਂ ਵਿੱਚ ਕਾਗਜ਼ਾਂ ਪੱਤਰਾਂ ਵੱਲੋਂ ਆਪਾਂ ਕਿਵੇਂ ਵੀ ਮਾਰ ਖਾਣ ਵਾਲੇ ਨਹੀਂ ਸੀ। ਭਾਵ ਗੌਰਮਿੰਟ ਦੀ ਸੜਕ 'ਤੇ ਪੂਰੀ ਆਕੜ ਨਾਲ ਤੁਰ ਸਕਦੇ ਸੀ। ਤੁਰਨਾ ਸੁੱਖ ਨਾਲ ਕਿਉਂ, ਸਕੂਟਰ 'ਤੇ ਪੂਰੀ ਟੌਹਰ ਨਾਲ ਲੰਬੇ-ਲੰਬੇ ਹਾਰਨ ਮਾਰ ਕੇ ਲੰਘ ਸਕਦੇ ਸੀ। ਸ਼ਹਿਰ ਆ ਰਿਹਾ ਸੀ ਤਾਂ ਬਾਹਰ ਪੁਲਸ ਨਾਕਾ ਲੱਗਾ ਹੋਇਆ ਸੀ। ਕਾਂਸਟੇਬਲ ਨੇ ਰੁਕਣ ਲਈ ਇਸ਼ਾਰਾ ਕੀਤਾ। ਸਾਨੂੰ ਕੋਈ ਖਤਰਾ ਹੀ ਨਹੀਂ ਸੀ। ਅਸੀਂ ਬੇਬਾਕ ਸਕੂਟਰ ਰੋਕ ਕੇ ਟੌਹਰ ਨਾਲ ਪੁੱਛਿਆ, ਦੱਸੋ ਜੀ?

'ਸਾਹਿਬ ਕੋਲੇ ਚੱਲੋ' ਕਾਂਸਟੇਬਲ ਨੇ ਪਾਸੇ ਖੜ੍ਹੇ ਹੌਲਦਾਰ ਵੱਲ ਇਸ਼ਾਰਾ ਕਰਦੇ ਹੋਏ ਆਖਿਆ।

ਅਸੀਂ ਬੜੀ ਆਕੜ ਨਾਲ ਚੱਲ ਪਏ। 'ਜਦੋਂ ਕਾਗਜ਼ ਪੂਰੇ ਆ, ਸਾਹਿਬ ਕੀ ਸਾਨੂੰ ਮੂੰਹ 'ਚ ਪਾ ਲਊ।'

''ਹਾਂ ਬਈ ਕਾਗਜ਼ ਪੂਰੇ ਆ।'' ਹੌਲਦਾਰ ਨੇ ਆਪਣੇ ਅਫਸਰੀ ਰੋਹਬ 'ਚ ਪੁੱਛਿਆ।

''ਹਾਂ ਜੀ ਪੂਰੇ ਆ।'' ਅਸੀਂ ਉਤਰ ਦਿੱਤਾ।

''ਸਕੂਟਰ ਦੀ ਕਾਪੀ''।

''ਤਿਆਰ ਹੈ ਜੀ।''

'ਡਰਾਈਵਿੰਗ ਲਾਇਸੈਂਸ।''

''ਉਹ ਵੀ ਹੈਗਾ, ਤਾਜ਼ਾ ਹੀ ਰੀਨਿਊ ਕਰਵਾਇਆ ਐ ਜੀ। ਬੀਮੇ ਦੇ ਕਾਗਜ਼ ਵੀ ਪੂਰੇ ਐ।''

ਅਸੀਂ ਆਕੜ ਨਾਲ ਜਵਾਬ ਦੇਈ ਤੁਰੇ ਜਾਂਦੇ ਸੀ, ਪਰ ਓਦੋਂ ਸਾਡੇ ਪੈਰਾਂ ਹੇਠੋਂ ਧਰਤੀ ਖਿਸਕ ਗਈ, ਜਦੋਂ ਹੌਲਦਾਰ ਨੇ ਪੁੱਛਿਆ, ''ਪ੍ਰਦੂਸ਼ਣ ਲਾਇਸੈਂਸ।''

''ਹੈਂਅ! ਪ੍ਰਦੂਸ਼ਣ ਲਾਇਸੈਂਸ ਉਹ ਕਿਹੜਾ ਲਾਇਸੈਂਸ ਹੋਇਆ। ਇਹ ਤਾਂ ਕਦੇ ਸੁਣਿਆ ਨੀਂ ਜੀ।'' ਤੇ ਨਾਲ ਦੀ ਨਾਲ ਸਾਡੀ ਸਾਰੀ ਆਕੜ ਵੀ ਚਲੀ ਗਈ।

ਹੌਲਦਾਰ ਨੇ ਆਖਿਆ, ''ਚੰਗਾ ਫੇਰ ਨਹੀਂ ਸੁਣਿਆ ਤਾਂ ਗੱਡੀ ਸਾਈਡ 'ਤੇ ਲਾ ਦੇ।''

ਅਸੀਂ ਹੇਠਲੇ ਦੰਦੀ ਨਾ ਉਤਲੇ ਦੰਦੀ। ਇਹ ਵੱਖਰੀ ਗੱਲ ਸੀ ਕਿ ਇਸ ਬਾਰੇ ਕੁਝ ਸੁਣਿਆ ਤਾਂ ਜ਼ਰੂਰ ਸੀ ਅਤੇ ਇਹ ਵੀ ਪਤਾ ਸੀ ਕਿ ਹਾਲੇ ਇਹ ਕਾਨੂੰਨ ਵਜੋਂ ਲਾਗੂ ਨਹੀਂ ਸੀ ਹੋਇਆ, ਪਰ ਮੌਕੇ ਦੇ ਅਫਸਰ ਨੇ ਇਸ ਨੂੰ ਅਮਲੀ ਰੂਪ ਦੇ ਦਿੱਤਾ ਸੀ। ਕੋਈ ਸਪੱਸ਼ਟੀਕਰਨ ਤਾਂ ਦੇਣਾ ਹੀ ਪੈਣਾ ਸੀ। ਖਹਿੜਾ ਆਖਰ ਛੁਡਾਉਣਾ ਈ ਸੀ।

''ਚਲੋ ਜੀ ਕੋਈ ਨੀਂ ਫਿਰ ਬਣਾਲਾਂਗੇ ਛੇਤੀ। ਅਜੇ ਪਤਾ ਈ ਨੀਂ ਸੀ, ਨਾ ਕਾਗਜ਼ ਬਣਾਉਣ ਵਾਲਿਆਂ ਨੇ ਦੱਸਿਆ। ਨਹੀਂ ਤਾਂ ਜ਼ਰੂਰ ਬਣਾ ਲੈਂਦੇ। ਨਾਲੇ ਨਵੀਂ ਗੱਡੀ ਆ। ਕਿਸੇ ਪ੍ਰਕਾਰ ਦਾ ਧੂੰਆਂ ਆਦਿ ਵੀ ਨਹੀਂ ਦਿੰਦੀ। ਆਵਾਜ਼ ਵਗੈਰਾ ਵੀ ਨਹੀਂ ਕਰਦੀ, ਪਰ ਕੋਈ ਨੀਂ ਫੇਰ ਵੀ ਬਣਲਾਂਗੇ ਛੇਤੀ।''

''ਬਣਾਲਾਂਗੇ ਛੇਤੀ ਨੀਂ, ਇਹ ਤਾਂ ਭਾਈ ਸਾਹਿਬ ਬਹੁਤ ਜ਼ਰੂਰੀ ਐ, ਕੀ ਕਰਦਾ ਹੁਨੈਂ?'' ਹੌਲਦਾਰ ਨੇ ਕਈ ਸਵਾਲ ਇਕੱਠੇ ਹੀ ਕਰ ਦਿੱਤੇ।

''ਮਾਸਟਰ ਆਂ ਜੀ।'' ਮੈਂ ਆਖਿਆ,

''ਹੈਂ! ਮਾਸਟਰ ਆਂ, ਤਾਹੀਓਂ ਐਨੀਆਂ ਗੱਲਾਂ ਮਾਰਦੈਂ। ਪ੍ਰਦੂਸ਼ਣ ਲਾਇਸੈਂਸ ਦਾ ਅਜੇ ਤੱਕ ਪਤਾ ਨੀਂ, ਜਵਾਕਾਂ ਤੂੰ ਕੀ ਪੜ੍ਹਾ ਦਿੰਦਾ ਹੋਵੇਂਗਾ।'' ਹੌਲਦਾਰ ਨੇ ਆਪਣੀ ਪੂਰੀ ਦੀ ਪੂਰੀ ਅਫਸਰੀ ਮੇਰੇ 'ਤੇ ਝਾੜ ਸੁੱਟੀ।

ਮੋਟਰ ਸਾਈਕਲ ਲੰਘਿਆ। ਤਿੰਨ-ਚਾਰ ਉਹਦੇ ਉਤੇ ਦੁੱਧ ਦੇ ਡਰੰਮ ਲੱਦੇ ਅਤੇ ਧੂੰਆਂ ਰੋਲ ਕਰਦਾ ਕੋਲ ਦੀ ਲੰਘ ਚੱਲਿਆ। ਉਹਨੂੰ ਕਿਸੇ ਨਾ ਰੋਕਿਆ। ''ਆਹ ਮੋਟਰ ਸਾਈਕਲ ਆਲਾ ਧੂੰਆਂ ਕੋਲ ਕਰੀ ਜਾਂਦੈ, ਇਹਦੇ ਨਾਲ ਨੀਂ ਪ੍ਰਦੂਸ਼ਣ ਫੈਲਦੀ, ਮੇਰਾ ਤਾਂ ਸਕੂਟਰ ਵੀ ਨਵਾਂ ਏਂ, ਧੂੰਏਂ ਦਾ ਪੁੱਛਿਆ?

''ਧੂੰਏਂ ਧਾਏਂ ਦਾ ਨੀਂ ਪਤਾ ਉਹਦੇ ਕੋਲ ਪ੍ਰਦੂਸ਼ਣ ਲਾਇਸੈਂਸ ਐ।'' ਹੌਲਦਾਰ ਨੇ ਖਿਝ ਕੇ ਆਖਿਆ।

''ਅੱਛਾ ਜੀ ਸਮਝ ਗਿਆ, ਜਾਣੀ ਅੱਜਕੱਲ੍ਹ ਪ੍ਰਦੂਸ਼ਣ ਫੈਲਾਉਣ ਲਈ ਲਾਇਸੈਂਸ ਜ਼ਰੂਰੀ ਹੋ ਗਿਆ।'' ਮੈਂ ਆਦਤ ਮੁਤਾਬਕ ਵਿਅੰਗ ਕੱਸ ਮਾਰਿਆ।

''ਏਹਦਾ ਚਲਾਨ ਕੱਟ ਯਾਰ, ਆਪੇ ਇਹਨੂੰ ਮੈਜਿਸਟਰੇਟ ਦੱਸਦੂ ਬਈ ਪ੍ਰਦੂਸ਼ਣ ਲਾਇਸੈਂਸ ਕੀ ਹੁੰਦੈ।'' ਕਾਂਸਟੇਬਲ ਵੱਲ ਇਸ਼ਾਰਾ ਕਰ ਕੇ ਹੌਲਦਾਰ, ਦੂਜੇ ਵਾਹਨਾਂ ਵੱਲ ਨੂੰ ਹੋ ਤੁਰਿਆ।

ਅਸੀਂ ਕਾਂਸਟੇਬਲ ਦੀ ਨਿਆਜ਼ ਦਿੱਤੀ ਅਤੇ ਪ੍ਰਦੂਸ਼ਣ ਰਹਿਤ ਗੱਡੀ 'ਤੇ ਸਵਾਰ ਹੋ ਕੇ ਸ਼ਹਿਰ ਨੂੰ ਚਾਲੇ ਪਾ ਦਿੱਤੇ।

## ਹਲਕਾ ਫੁਲਕਾ

ਇੱਕ ਵਾਰ ਇੱਕ ਤਾਊ ਬਸ ਦੀ ਖਿੜਕੀ ਤੋਂ ਗਰਦਨ ਕੱਢ ਕੇ ਬੈਠਾ ਸੀ। ਉਹ ਠੰਢੀ-ਠੰਢੀ ਹਵਾ ਦਾ ਆਨੰਦ ਉਠਾ ਰਿਹਾ ਸੀ। ਇੰਨੇ ਨੂੰ ਇੱਕ ਟਰੱਕ ਲਾਗਿਓਂ ਲੰਘਿਆ ਅਤੇ ਤਾਊ ਦਾ ਕੰਨ ਲਾਹ ਕੇ ਲੈ ਗਿਆ। ਤਾਊ ਜ਼ੋਰ-ਜ਼ੋਰ ਨਾਲ ਰੋਣ ਲੱਗਾ ਤਾਂ ਡਰਾਈਵਰ ਨੇ ਬਸ ਭਜਾਈ ਅਤੇ ਟਰੱਕ ਦੇ ਕੋਲ ਲਿਆ ਕੇ ਉਸ ਟਰੱਕ ਤੋਂ ਤਾਊ ਦਾ ਕੰਨ ਲਾਹ ਕੇ ਦੇ ਦਿੱਤਾ।

ਤਾਊ ਬੇਚੈਨ ਹੋ ਕੇ ਹੋਰ ਜ਼ਿਆਦਾ ਰੋਣ ਲੱਗਾ ਅਤੇ ਬੋਲਿਆ, ''ਇਹ ਕੰਨ ਤਾਂ ਮੇਰਾ ਹੈ ਹੀ ਨਹੀਂ।''

ਸਾਰੀਆਂ ਸਵਾਰੀਆਂ ਬੋਲੀਆਂ, ''ਤਾਊ ਪਾਗਲ ਹੋ ਗਿਆ ਹੈ। ਇਹ ਕੰਨ ਇਸੇ ਦਾ ਹੀ ਹੈ।''

ਤਾਊ ਬੋਲਿਆ, ''ਏ ਕੰਨ ਮੇਰਾ ਨਹੀਂ ਹੈ, ਮੇਰੇ ਕੰਨ ਉੱਤੇ ਤਾਂ ਬੀੜੀ ਟੰਗੀ ਸੀ।''

*********

ਮੁੰਡਾ-ਕੁੜੀ ਬਸ ਸਟਾਪ 'ਤੇ ਖੜ੍ਹੇ ਸਨ। ਮੁੰਡਾ ਬੋਲਿਆ, ''ਚੰਗੀ ਲਿਪਸਟਿਕ ਹੈ।''

ਕੁੜੀ, ''ਥੈਂਕਸ।''

ਮੁੰਡਾ, ''ਵਾਲੀਆਂ ਚੰਗੀਆਂ ਹਨ।''

ਕੁੜੀ, ''ਥੈਂਕਸ।''

ਮੁੰਡਾ, ''ਨੈਕਲੈੱਸ ਵੀ ਪਿਆਰਾ ਹੈ।''

ਕੁੜੀ, ''ਥੈਂਕਸ ਭਾਅ ਜੀ।''

ਮੁੰਡਾ, ''ਕਮਾਲ ਹੈ, ਫਿਰ ਵੀ ਚੁੜੇਲ ਲੱਗ ਰਹੀ ਏਂ।''

## ਰਸੋਈ

## ਮਿਰਚ-ਇਮਲੀ ਰੈੱਡ ਚਟਣੀ



ਸਮੱਗਰੀ-ਪਿਆਜ ਇੱਕ, ਲਸਣ ਦੀਆਂ ਕਲੀਆਂ ਦੋ ਜਾਂ ਤਿੰਨ, ਕਸ਼ਮੀਰੀ ਸੁੱਕੀਆਂ ਸਾਬਤ ਲਾਲ ਮਿਰਚਾਂ ਦੋ ਜਾਂ ਚਾਰ, ਇੱਕ-ਦੋ ਟੁਕੜੇ ਇਮਲੀ ਦੇ, ਛੋਲਿਆਂ ਦੀ ਦਾਲ ਇੱਕ ਵੱਡਾ ਚਮਚ ਭੁੰਨੀ ਹੋਈ, ਇੱਕ ਵੱਡਾ ਚਮਚ ਤੇਲ, ਨਮਕ ਸਵਾਦ ਅਨੁਸਾਰ।

ਵਿਧੀ- ਸਾਬਤ ਸੁੱਕੀ ਲਾਲ ਮਿਰਚ ਅਤੇ ਇਮਲੀ ਨੂੰ ਪਾਣੀ ਵਿੱਚ ਭਿਉਂ ਕੇ ਰੱਖ ਦਿਓ। ਕੜਾਹੀ ਵਿੱਚ ਤੇਲ ਗਰਮ ਕਰੋ। ਇਸ ਵਿੱਚ ਪਿਆਜ ਅਤੇ ਲਸਣ ਪਾ ਕੇ 15 ਮਿੰਟ ਤੱਕ ਭੁੰਨੋ। ਮਿਕਸਰ ਜਾਰ ਵਿੱਚ ਭੁੰਨੇ ਹੋਏ ਪਿਆਜ, ਲਸਣ, ਭੁੰਨੀ ਹੋਈ ਦਾਲ, ਨਮਕ, ਭਿੱਜੀ ਹੋਈ ਲਾਲ ਮਿਰਚ ਅਤੇ ਇਮਲੀ ਨੂੰ ਪਾਣੀ ਸਮੇਤ ਪਾ ਕੇ ਬਰੀਕ ਪੀਸ ਲਓ।



# ਦਰਿਆਈ ਪਾਣੀਆਂ ਬਾਰੇ ਨਵੇਂ ਟ੍ਰਿਬਿਊਨਲ ਦੀ ਮੰਗ ਨੇ ਜ਼ੋਰ ਫੜਿਆ

ਜਲੰਧਰ, 5 ਸਤੰਬਰ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਦੋਵਾਂ ਰਾਜਾਂ ਵਿਚਾਲੇ ਦਰਿਆਈ ਪਾਣੀਆਂ ਦੇ ਝਗੜੇ ਦਾ ਨਿਪਟਾਰਾ ਕਰਨ ਲਈ ਸੁਪਰੀਮ ਕੋਰਟ ਨੇ ਭਾਵੇਂ ਚਾਰ ਮਹੀਨਿਆਂ ਦਾ ਸਮਾਂ ਦੇ ਦਿੱਤਾ ਹੈ, ਪਰ ਪੰਜਾਬ ਵਿੱਚ ਦਰਿਆਈ ਪਾਣੀਆਂ ਦਾ ਨਵੇਂ ਸਿਰਿਓਂ ਪਤਾ ਲਾਉਣ ਲਈ ਟ੍ਰਿਬਿਊਨਲ ਬਣਾਉਣ ਦੀ ਤੇਜ਼ ਹੋ ਗਈ ਹੈ। ਇਸ ਸੰਬੰਧ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਪੰਜਾਬ ਦੇ ਦਰਿਆਵਾਂ ਵਿੱਚ ਪਾਣੀ ਦੀ ਮਾਤਰਾ ਕਾਫੀ ਘੱਟ ਹੋਣ ਤੇ ਇਸ ਦੀ ਘੋਖ ਲਈ ਨਵਾਂ ਟ੍ਰਿਬਿਊਨਲ ਬਣਾਏ ਜਾਣ ਦੇ ਲਈ ਬਾਕਾਇਦਾ ਤੌਰ ਉੱਤੇ ਮੰਗ ਪੇਸ਼ ਕਰ ਦਿੱਤੀ ਹੈ।

ਪ੍ਰਧਾਨ ਮੰਤਰੀ ਨੂੰ ਭੇਜੀ ਚਿੱਠੀ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਦਰਿਆਈ ਪਾਣੀ ਦਾ ਮੁੱਦਾ ਇਸ ਰਾਜ ਦੇ ਅਮਨ ਕਾਨੂੰਨ ਦੀ ਹਾਲਤ ਨਾਲ ਜੁੜਿਆ ਹੋਇਆ ਹੈ। ਏਥੋਂ ਦੇ ਲੋਕ ਕਿਸੇ ਹਾਲਤ ਵਿੱਚ ਪੰਜਾਬ ਦਾ ਪਾਣੀ ਦੂਸਰੇ ਰਾਜ ਨੂੰ ਨਹੀਂ ਜਾਣ ਦੇਣਗੇ, ਇਸ ਲਈ ਮਾਮਲੇ ਦੀ ਨਜ਼ਾਕਤ ਨੂੰ ਵੇਖਦੇ ਹੋਏ ਨਵਾਂ ਟ੍ਰਿਬਿਊਨਲ ਬਣਾਉਣ ਦੀ ਲੋੜ ਹੈ। ਇਸ ਚਿੱਠੀ ਵਿੱਚ ਮੁੱਖ ਮੰਤਰੀ ਨੇ ਪੰਜਾਬ ਵਿੱਚ ਜ਼ਮੀਨੀ ਪਾਣੀ ਦੇ ਲਗਾਤਾਰ ਡਿੱਗਦੇ ਪੱਧਰ ਬਾਰੇ ਵੀ ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 1986 ਵਿੱਚ ਰਾਵੀ-ਬਿਆਸ ਦਰਿਆਵਾਂ ਦੇ ਪਾਣੀ ਬਾਰੇ ਇਰਾਡੀ ਟ੍ਰਿਬਿਊਨਲ ਅਸੈੱਸਮੈਂਟ ਕੀਤੀ ਸੀ ਤੇ ਉਸ ਦੇ ਬਾਅਦ ਦੇ 33 ਸਾਲਾਂ ਦੌਰਾਨ ਦਰਿਆਵਾਂ 'ਚ ਪਾਣੀ ਦੀ ਮਾਤਰਾ ਬਹੁਤ ਘੱਟ ਹੋ ਗਈ ਹੈ, ਇਸ ਲਈ ਪਾਣੀ ਦੀ ਵੰਡ ਕਰਨ ਲਈ ਨਵੇਂ ਸਿਰੇ ਤੋਂ ਸਮੀਖਿਆ ਕਰ ਕੇ ਹੀ ਕੋਈ ਫੈਸਲਾ ਹੋ ਸਕਦਾ ਹੈ।

ਵਰਨਣ ਯੋਗ ਹੈ ਕਿ ਇਰਾਡੀ ਟ੍ਰਿਬਿਊਨਲ ਨੇ ਜਦੋਂ ਦਰਿਆਵਾਂ ਵਿੱਚ ਪਾਣੀ ਦਾ ਪਤਾ ਲਾਇਆ ਸੀ, ਓਦੋਂ ਇਸ ਦੀ ਮਾਤਰਾ 19 ਮਿਲੀਅਨ ਏਕੜ ਫੁੱਟ (ਐੱਮ ਏ ਐੱਫ) ਸੀ, ਪਰ ਅੱਜ ਕੱਲ੍ਹ ਇਹ ਮਸਾਂ 14.34 ਐੱਮ ਏ ਐੱਫ ਰਹਿ ਗਈ ਹੈ। ਪੰਜਾਬ ਸਰਕਾਰ ਦੀ ਰਾਏ ਹੈ ਕਿ ਜੇ ਨਹਿਰ ਬਣਾਈ ਗਈ ਤਾਂ 10 ਲੱਖ ਹੈਕਟੇਅਰ ਖੇਤੀਬਾੜੀ ਜ਼ਮੀਨ ਬੰਜਰ ਹੋ ਜਾਵੇਗੀ। ਇਸ ਸਮੇਂ ਪੰਜਾਬ ਵਿੱਚ ਕੁੱਲ ਖੇਤੀ ਵਾਲੀ ਜ਼ਮੀਨ 105 ਲੱਖ ਏਕੜ ਅਤੇ ਹਰਿਆਣਾ 'ਚ ਅੱਸੀ ਲੱਖ ਏਕੜ ਹੈ। ਹਰਿਆਣਾ ਕਦੇ ਪੰਜਾਬ ਦਾ ਹਿੱਸਾ ਹੁੰਦਾ ਸੀ। ਇਸ ਬਾਰੇ ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਹਰਿਆਣਾ ਨੂੰ ਜਮਨਾ ਦੇ ਪਾਣੀ 'ਤੇ ਆਪਣਾ ਅਧਿਕਾਰ ਜਤਾਉਣਾ ਚਾਹੀਦਾ ਹੈ, ਪੰਜਾਬ ਉੱਤੇ ਨਿਰਭਰ ਨਹੀਂ ਕਰਨਾ ਚਾਹੀਦਾ।



# ਸਾਬਕਾ ਮੰਤਰੀ ਦੇ ਪੁੱਤਰ ਨਾਲ ਦੋ ਕਰੋੜ ਦੀ ਠੱਗੀ ਲਈ 22 ਲੋਕਾਂ ਦੇ ਖਿਲਾਫ ਕੇਸ ਦਰਜ

ਖੰਨਾ, 5 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਇੱਕ ਸਾਬਕਾ ਕਾਂਗਰਸੀ ਮੰਤਰੀ ਕਰਮ ਸਿੰਘ ਗਿੱਲ ਦੇ ਪੁੱਤਰ ਰੁਪਿੰਦਰ ਸਿੰਘ ਰਾਜਾ ਗਿੱਲ ਨਾਲ ਦੋ ਕਰੋੜ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਗਿਆ ਹੈ। ਇਹ ਠੱਗੀ 22 ਜਣਿਆਂ ਨੇ ਸਾਜ਼ਿਸ਼ ਘੜ ਕੇ ਰੀਅਲ ਅਸਟੇਟ ਦੇ ਕਾਰੋਬਾਰ 'ਚ ਨਿਵੇਸ਼ ਦੇ ਨਾਂ 'ਤੇ ਮਾਰੀ ਹੈ।

ਸਿਟੀ ਥਾਣਾ-2 ਦੀ ਪੁਲਸ ਵੱਲੋਂ ਰਾਜਾ ਗਿੱਲ ਦੀ ਸ਼ਿਕਾਇਤ ਉੱਤੇ ਨਿਰਮਲ ਸਿੰਘ, ਵਿਦੁਰ ਭਾਰਦਵਾਜ, ਰਵੀ ਭਾਰਗਵ, ਰਾਜੀਵ ਵਿੱਜ, ਰਾਕੇਸ਼ ਕੁਮਾਰ ਸਿੰਘ, ਆਨੰਦ ਰਾਮ, ਭੁਪਿੰਦਰ ਸਿੰਘ, ਸੁਜੀਤ ਕੁਮਾਰ ਸਿੰਘ, ਸਮਿਤਾ ਗੁਪਤਾ, ਅੰਕਿਤ ਅਗਰਵਾਲ, ਆਨੰਦ ਪ੍ਰਕਾਸ਼, ਵਿਨੈ ਕੁਮਾਰ ਮਿਸ਼ਰਾ, ਸਤੀਸ਼ ਕੁਮਾਰ ਤਿਵਾੜੀ, ਸਮੀਰ ਸਾਗਰ, ਡਾਇਰੈਕਟਰ ਸ਼੍ਰੀ ਸੀ ਯੂਨੀਵਰਸਲ, ਡਾਇਰੈਕਟਰ ਸ਼੍ਰੀ ਸੀ ਇਨਫਰਾਟੈਕ, ਡਾਇਰੈਕਟਰ ਵਾਊਲੇਵਾਲ ਪ੍ਰਾਜੈਕਟ, ਡਾਇਰੈਕਟਰ ਅਕਾਰਨ ਸੈਲੂਸਨ, ਡਾਇਰੈਕਟਰ ਸ਼੍ਰੀ ਸੀ ਸਿਟੀ ਡਿਵੈਲਪਰਜ਼, ਡਾਇਰੈਕਟਰ ਅਲੋਫਟ ਇਨਫੋਟੈਕ, ਡਾਇਰੈਕਟਰ ਸ਼੍ਰੀ ਸੀ ਬਿਲਡਰਜ਼ ਤੇ ਡਾਇਰੈਕਟਰ ਦੇਵਿਕਾ ਪ੍ਰਮੋਟਰਜ਼ ਐਂਡ ਬਿਲਡਰਜ਼ ਦੇ ਖਿਲਾਫ ਕੇਸ ਦਰਜ ਹੈ, ਪਰ ਕਿਸੇ ਵੀ ਮੁਲਜ਼ਮ ਦੀ ਗ੍ਰਿਫਤਾਰੀ ਹਾਲੇ ਨਹੀਂ ਹੋਈ। ਸ਼੍ਰੀ ਸੀ ਗਰੁੱਪ ਆਫ ਕੰਪਨੀਜ਼ ਨੂੰ ਤਿੰਨ ਪ੍ਰਮੋਟਰਾਂ ਨਿਰਮਲ ਸਿੰਘ, ਵਿਦੁਰ ਭਾਰਦਵਾਜ ਤੇ ਸੁਰਪ੍ਰੀਤ ਸਿੰਘ ਸੂਰੀ ਨੇ ਰਲ ਕੇ ਬਣਾਇਆ ਹੋਇਆ ਹੈ। ਨਿਰਮਲ ਸਿੰਘ ਤੇ ਉਸ ਦੇ ਸਾਥੀਆਂ ਨੇ ਸਾਲ 2018 ਵਿੱਚ ਰਾਜਾ ਗਿੱਲ ਨਾਲ ਮੁਲਾਕਾਤ ਕਰਕੇ ਆਪਣੇ ਕਾਫੀ ਪਲਾਟ ਅਤੇ ਪ੍ਰਾਜੈਕਟ ਫੰਡਾਂ ਦੀ ਘਾਟ ਕਾਰਨ ਰੁਕੇ ਦੱਸੇ। ਇਸ ਦੌਰਾਨ ਮੁਨਾਫੇ ਵਾਲੀਆਂ ਪੇਸ਼ਕਸ਼ ਰਾਹੀਂ ਰਾਜਾ ਗਿੱਲ ਨੂੰ ਉਨ੍ਹਾਂ ਦੀਆਂ ਕੰਪਨੀਆਂ 'ਚ ਨਿਵੇਸ਼ ਲਈ ਰਾਜ਼ੀ ਕਰ ਲਿਆ। ਜੁਲਾਈ 2018 ਵਿੱਚ ਨਿਰਮਲ ਸਿੰਘ ਨੇ ਚਾਰ ਕੰਪਨੀਆਂ ਦੇ ਪਹਿਲੇ ਡਾਇਰੈਕਟਰ ਹਟਾ ਕੇ ਰਾਜਾ ਗਿੱਲ ਦੇ ਦੋ ਵਿਅਕਤੀਆਂ ਅਮਰਜੀਤ ਸਿੰਘ ਚੱਠਾ ਤੇ ਦੀਪਕ ਖੁਰਾਣਾ ਨੂੰ ਡਾਇਰੈਕਟਰ ਬਣਾ ਦਿੱਤਾ ਸੀ। ਇਸ ਮਗਰੋਂ ਨਿਰਮਲ ਸਿੰਘ ਨੇ ਤਿੰਨ ਕੰਪਨੀਆਂ ਦੀ ਮਾਲਕੀ ਦੇ ਤਿੰਨ ਵੱਖ-ਵੱਖ ਪਲਾਟਾਂ ਦੀ ਕੀਮਤ ਦੇ ਲਗਭਗ ਦੋ ਫੀਸਦੀ ਦੇ ਬਰਾਬਰ ਨਵੇਂ ਫੰਡ ਜਮ੍ਹਾਂ ਕਰਾਉਣ ਲਈ ਨਵੇਂ ਖਾਤੇ ਬੈਂਕ ਆਫ ਇੰਡੀਆ ਫੇਜ਼-9 ਮੁਹਾਲੀ ਦੀ ਬਰਾਂਚ ਵਿੱਚ ਖੁੱਲ੍ਹਵਾਏ ਗਏ। ਸੈਕਟਰ-16 ਬੀ ਨੋਇਡਾ ਜ਼ਿਲਾ ਗੌਤਮ ਬੁੱਧ ਨਗਰ ਯੂ ਪੀ ਵਿੱਚ ਤਿੰਨ ਪ੍ਰਾਪਟੀਆਂ ਬਾਰੇ ਵਿਵਾਦ ਪੈਦਾ ਹੋ ਗਿਆ। ਫਿਰ ਸ਼ਿਕਾਇਤ ਕਰਤਾ ਨੂੰ ਕਮਰਸ਼ੀਅਲ ਫਲੋਰ-13 ਟਾਵਰ ਐਚ ਵੇਚਣ ਦਾ ਪਤਾ ਲੱਗਾ। ਦੋਸ਼ੀਆਂ ਨੇ ਜਾਅਲੀ ਕਾਗਜ਼ਾਤ ਨਾਲ ਨਵੇਂ ਖਾਤੇ ਦੀ ਵਰੀਜ਼ ਕਰਵਾ ਦਿੱਤੇ। ਰਾਜਾ ਗਿੱਲ ਨੇ ਦੋ ਜੁਲਾਈ 2019 ਨੂੰ ਐਸ ਐਸ ਪੀ ਗੁਰਸ਼ਰਨਦੀਪ ਸਿੰਘ ਗਿੱਲ ਨੂੰ ਅਰਜ਼ੀ ਦਿੱਤੀ ਤਾਂ ਇਸ ਦੀ ਪੜਤਾਲ ਐਸ ਪੀ (ਜਾਂਚ) ਜਸਵੀਰ ਸਿੰਘ ਵੱਲੋਂ ਕਰਨ ਮਗਰੋਂ ਸਿਟੀ ਥਾਣਾ-2 ਦੇ ਮੁਖੀ ਨੂੰ ਮੁਲਜ਼ਮਾਂ ਖਿਲਾਫ ਮੁਕੱਦਮਾ ਦਰਜ ਕਰਨ ਦੀ ਹਦਾਇਤ ਦਿੱਤੀ ਗਈ।



# ਸੀ ਬੀ ਆਈ ਨੇ ਜਾਂਚ ਕਰਨੀ ਹੈ ਤਾਂ ਕਲੋਜ਼ਰ ਰਿਪੋਰਟ ਤੋਂ ਪਿੱਛਾ ਨਹੀਂ ਛੁਡਾ ਸਕਦੀ : ਕਲੇਰ




ਮੋਹਾਲੀ, 5 ਸਤੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਚਾਰ ਸਾਲ ਪੁਰਾਣੇ ਕੇਸ ਬਾਰੇ ਸੀ ਬੀ ਆਈ ਅਦਾਲਤ ਵਿੱਚ ਸੁਣਵਾਈ ਦੌਰਾਨ ਕੱਲ੍ਹ ਸਾਰੀਆਂ ਧਿਰਾਂ ਪੇਸ਼ ਹੋਈਆਂ ਤਾਂ ਓਥੇ ਸੀ ਬੀ ਆਈ ਨੇ ਕਿਹਾ ਕਿ ਉਹ ਦੋਬਾਰਾ ਇਸ ਕੇਸ ਦੀ ਜਾਂਚ ਕਰਨਾ ਚਾਹੁੰਦੀ ਹੈ ਅਤੇ ਓਦੋਂ ਤੱਕ ਕਲੋਜ਼ਰ ਰਿਪੋਰਟ ਰੋਕ ਦਿੱਤੀ ਜਾਏ।

ਇਸ ਮੌਕੇ ਸ਼ਿਕਾਇਤ ਕਰਤਾ ਕੁਲਵਿੰਦਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਕੀਲ ਸਤਨਾਮ ਸਿੰਘ ਕਲੇਰ ਅਤੇ ਐੱਸ ਐੱਚ ਓ ਨੇ ਇਸ ਬਾਰੇ ਪੇਸ਼ ਹੋ ਕੇ ਕਿਹਾ ਕਿ ਸੀ ਬੀ ਆਈ ਦੋਬਾਰਾ ਤੋਂ ਜਾਂਚ ਕਰਨਾ ਚਾਹੁੰਦੀ ਹੈ ਤਾਂ ਕਲੋਜ਼ਰ ਰਿਪੋਰਟ ਰੋਕਣ ਵਾਲੀ ਪਟੀਸ਼ਨ ਦੇ ਕੇ ਖਹਿੜਾ ਨਹੀਂ ਛੁਡਾ ਸਕਦੀ। ਉਨ੍ਹਾਂ ਨੇ ਅਦਾਲਤ ਨੂੰ ਕਿਹਾ ਕਿ ਸੀ ਬੀ ਆਈ ਇਸ ਕੇਸ ਵਿੱਚ ਨਵੇਂ ਤੱਥਾਂ ਬਾਰੇ ਰਿਪੋਰਟ ਅਦਾਲਤ ਵਿੱਚ ਪੇਸ਼ ਕਰੇ ਤੇ ਪੰਜਾਬ ਪੁਲਸ ਨੇ ਡੀ ਜੀ ਪੀ ਵੱਲੋਂ ਸੀ ਬੀ ਆਈ ਨੂੰ ਲਿਖੀ ਚਿੱਠੀ, ਜਿਸ ਵਿੱਚ ਸੀ ਬੀ ਆਈ ਨੂੰ ਨਵੇਂ ਸਬੂਤਾਂ ਬਾਰੇ ਦੱਸਿਆ ਗਿਆ ਹੈ, ਦੀ ਕਾਪੀ ਅਦਾਲਤ ਵਿੱਚ ਪੇਸ਼ ਕੀਤੀ ਜਾਏ। ਇਸ ਤਰ੍ਹਾਂ ਪੰਜਾਬ ਵੱਲੋਂ ਜ਼ਿਲ੍ਹਾ ਅਟਾਰਨੀ ਸੰਜੀਵ ਬੱਤਰਾ ਅਤੇ ਏ ਆਈ ਜੀ ਸਰਬਜੀਤ ਸਿੰਘ ਨੇ ਵੀ ਅਦਾਲਤ ਵਿੱਚ ਅਰਜ਼ੀ ਦਾਇਰ ਕਰ ਕੇ ਕਿਹਾ ਕਿ ਜਦ ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਕੇ ਇਸ ਕੇਸ ਦੀ ਜਾਂਚ ਵਾਸਤੇ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾ ਦਿੱਤੀ ਸੀ ਤਾਂ ਇਹ ਕੇਸ ਸੀ ਬੀ ਆਈ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੀ ਨਹੀਂ। ਉਨ੍ਹਾਂ ਨੇ ਅਦਾਲਤ ਨੂੰ ਦੱਸਿਆ ਕਿ ਪੰਜਾਬ ਸਰਕਾਰ ਨੇ ਸੀ ਬੀ ਆਈ ਤੋਂ ਬੇਅਦਬੀ ਮਾਮਲੇ ਦੀ ਫਾਈਲ ਮੰਗਦੀ ਹੈ, ਪਰ ਸੀ ਬੀ ਆਈ ਨੇ ਪੰਜਾਬ ਸਰਕਾਰ ਨੂੰ ਫਾਈਲ ਨਹੀਂ ਦਿੱਤੀ, ਪਰ ਸੀ ਬੀ ਆਈ ਨੇ ਹਾਈ ਕੋਰਟ ਵਿੱਚ ਹਲਫੀਆ ਬਿਆਨ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਨੇ ਬੇਅਦਬੀ ਕੇਸ ਵਾਪਸ ਲੈ ਲਿਆ ਹੈ। ਅਦਾਲਤ ਨੇ ਸਾਰੀਆਂ ਧਿਰਾਂ, ਜਿਸ ਵਿੱਚ ਸਾਬਕਾ ਵਿਧਾਇਕ ਹਰਬੰਸ ਸਿੰਘ ਜਲਾਲ ਸਮੇਤ ਤਿੰਨੇ ਸ਼ਿਕਾਇਤ ਕਰਤਾ ਵੀ ਸਨ, ਦੀਆਂ ਦਲੀਲਾਂ ਸੁਣਨ ਪਿੱਛੋਂ ਸੀ ਬੀ ਆਈ ਵੱਲੋਂ ਦਿੱਤੀ ਜਵਾਬ ਦੀ ਕਾਪੀ ਸਾਰੇ ਸਬੂਤਾਂ ਨੂੰ ਪੇਸ਼ ਕਰਨ ਦੇ ਬਾਅਦ 25 ਸਤੰਬਰ ਤੱਕ ਜਵਾਬ ਦਾਖਲ ਕਰਨ ਅਤੇ ਉਸ ਦਿਨ ਸਾਰੇ ਪਟੀਸ਼ਨਰਾਂ ਦੇ ਜਵਾਬ 'ਤੇ ਬਹਿਸ ਸੁਣਨ ਦੇ ਹੁਕਮ ਦਿੱਤੇ ਹਨ।

# ਨਿਗਮ ਦੇ ਜ਼ਮੀਨ ਕਬਜ਼ੇ ਬਾਰੇ ਪਟੇਲ ਹਸਪਤਾਲ ਖਿਲਾਫ ਦਰਜ ਹੋਵੇਗਾ ਕੇਸ

ਜਲੰਧਰ, 5 ਸਤੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੇ ਮੇਅਰ ਜਗਦੀਸ਼ ਰਾਜਾ ਨੇ ਸਿਵਲ ਲਾਈਨਜ਼ ਵਿੱਚ ਨਗਰ ਨਿਗਮ ਦੀ ਜ਼ਮੀਨ ਉੱਤੇ ਗ਼ੈਰ ਕਾਨੂੰਨੀ ਫੈਂਸਿੰਗ ਨੂੰ ਹਟਾਉਣ ਦੇ ਦੋਸ਼ ਵਿੱਚ ਪਟੇਲ ਹਸਪਤਾਲ ਦੇ ਖਿਲਾਫ ਕੇਸ ਦਰਜ ਕਰਨ ਦਾ ਆਰਡਰ ਕੀਤਾ ਹੈ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਕੱਲ੍ਹ ਕੌਂਸਲਰ ਡਾਕਟਰ ਜਸਲੀਨ ਸੇਠੀ ਨੇ ਸਿਵਲ ਲਾਈਨਜ਼ ਵੈਲਫੇਅਰ ਸੁਸਾਇਟੀ ਦੇ ਮੈਂਬਰਾਂ ਅਤੇ ਹੋਲਸੇਲ ਕੈਮਿਸਟ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਰਿਸ਼ੂ ਵਰਮਾ ਨਾਲ ਜਲੰਧਰ ਦੇ ਮੇਅਰ ਨਾਲ ਮੁਲਾਕਾਤ ਕੀਤੀ ਤਾਂ ਕਰੀਬ ਦੋ ਘੰਟੇ ਚੱਲੀ ਮੀਟਿੰਗ ਵਿੱਚ ਫੈਸਲਾ ਹੋਇਆ ਕਿ ਨਿਗਮ ਦੀ ਪ੍ਰਾਪਰਟੀ ਦਾ ਨੁਕਸਾਨ ਕਰਨ ਬਦਲੇ ਪਟੇਲ ਹਸਪਤਾਲ 'ਤੇ ਕੇਸ ਦਰਜ ਕਰਵਾਇਆ ਜਾਏਗਾ ਅਤੇ ਮੇਅਰ ਨੇ ਕਿਹਾ ਕਿ ਇਸ ਬਾਰੇ ਅਫਸਰਾਂ ਨੂੰ ਹਦਾਇਤ ਦੇ ਦਿੱਤੀ ਗਈ ਹੈ। ਕੌਂਸਲਰ ਜਸਲੀਨ ਸੇਠੀ ਨੇ ਕਿਹਾ ਕਿ ਨਿਗਮ ਨੇ ਹਸਪਤਾਲ ਦੇ ਬਿਲਕੁਲ ਨਾਲ ਦੀ ਜ਼ਮੀਨ ਖਾਲੀ ਕਰਾਈ ਅਤੇ ਕੋਰਟ ਕੇਸ ਜਿੱਤਣ ਦੇ ਬਾਅਦ ਇਸ ਨੂੰ ਫੈਂਸਿੰਗ ਨਾਲ ਕਵਰ ਕੀਤਾ ਅਤੇ ਇਸ ਨੂੰ ਪਾਰਕ ਦੇ ਰੂਪ ਵਿੱਚ ਡਿਵੈਲਪ ਕਰਨ ਲਈ ਟੈਂਡਰ ਪਾਸ ਹੋ ਚੁੱਕਾ ਹੈ, ਪਰ ਨਿਗਮ ਦੀ ਲਾਪਰਵਾਹੀ ਨਾਲ ਕੰਮ ਨਹੀਂ ਹੋ ਸਕਿਆ। ਇਸ ਦੇ ਬਾਅਦ ਹਸਪਤਾਲ ਨੇ ਇਸ ਜ਼ਮੀਨ ਨੂੰ ਕਵਰ ਕਰਨ ਲਈ ਕੀਤੀ ਫੈਂਸਿੰਗ ਨੂੰ ਹਟਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਏਥੇ ਜਲਦੀ ਤੋਂ ਜਲਦੀ ਪਾਰਕ ਡਿਵੈਲਪ ਕੀਤਾ ਜਾਏ। ਹੋਲਸੇਲ ਕੈਮਿਸਟ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਰਿਸ਼ੂ ਵਰਮਾ ਦੀ ਮੰਗ ਪਿੱਛੋਂ ਦਿਲਕੁਸ਼ਾ ਮਾਰਕੀਟ ਤੋਂ ਹਸਪਤਾਲ ਵੱਲ ਜਾਂਦੀ ਸੜਕ, ਜਿਸ ਨੂੰ ਗੇਟ ਲਾ ਕੇ ਬੰਦ ਕੀਤਾ ਗਿਆ ਸੀ, ਤੋਂ ਮਲਬਾ ਹਟਾਉਣ ਦੇ ਹੁਕਮ ਦਿੱਤੇ ਗਏ ਹਨ।

# ਅਵਾਰਾ ਪਸ਼ੂਆਂ ਕਾਰਨ ਮੌਤ ਦੇ ਕੇਸ ਵਿੱਚ ਪਟਿਆਲਾ ਪ੍ਰਸ਼ਾਸਨ ਨੂੰ ਸੰਮਨ ਜਾਰੀ

ਪਟਿਆਲਾ, 5 ਸਤੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੀ ਨਗਰ ਨਿਗਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਅਵਾਰਾ ਪਸ਼ੂਆਂ ਕਾਰਨ ਹੁੰਦੀਆਂ ਮੌਤਾਂ ਦੇ ਕੇਸ ਵਿੱਚ ਘਿਰਦਾ ਜਾਪਦਾ ਹੈ। ਪੰਜਾਬ ਦੇ ਮੁੱਖ ਮੰਤਰੀ ਦੇ ਆਪਣੇ ਸ਼ਹਿਰ ਵਿੱਚ ਬੀਤੇ ਦਿਨੀਂ ਇੱਕ ਵਿਅਕਤੀ ਦੀ ਅਵਾਰਾ ਪਸ਼ੂਆਂ ਕਾਰਨ ਹੋਈ ਮੌਤ ਦੇ ਕੇਸ ਅਦਾਲਤ ਵਿਚ ਪਟੀਸ਼ਨ ਦਾਇਰ ਹੋ ਚੁੱਕੀ ਹੈ। ਇੱਕ ਹੋਰ ਪੀੜਤ ਪਰਿਵਾਰ ਨੇ ਅਦਾਲਤ ਵਿੱਚ ਜਾ ਕੇ 2 ਕਰੋੜ ਮੁਆਵਜ਼ਾ ਮੰਗਿਆ ਹੈ। ਇਸ ਬਾਰੇ ਜੱਜ ਨੇ ਡਿਪਟੀ ਕਮਿਸ਼ਨਰ, ਨਿਗਮ ਮੇਅਰ, ਕਮਿਸ਼ਨਰ ਸਮੇਤ ਹੋਰ ਅਧਿਕਾਰੀਆਂ ਨੂੰ 11 ਸਤੰਬਰ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।

ਵਰਨਣ ਯੋਗ ਹੈ ਕਿ ਸਰਹਿੰਦ ਰੋਡ ਦੇ ਵਾਸੀ ਮਨਦੀਪ ਸਿੰਘ ਦੀ ਸੜਕ ਉੱਤੇ ਅਵਾਰਾ ਪਸ਼ੂ ਕਾਰਨ ਮੌਤ ਹੋ ਗਈ ਤੇ ਪਰਿਵਾਰ ਦਾ ਇਕਲੌਤਾ ਸਹਾਰਾ ਚਲਾ ਗਿਆ ਜਾਣ ਪਿੱਛੋਂ ਪੀੜਤ ਧਿਰ ਨੇ ਮਨਦੀਪ ਦੀ ਮੌਤ ਦਾ ਜ਼ਿੰਮੇਵਾਰ ਸਰਕਾਰ ਤੇ ਪ੍ਰਸ਼ਾਸਨ ਨੂੰ ਕਿਹਾ ਸੀ। ਪਰਿਵਾਰ ਨੇ ਐਡਵੋਕੇਟ ਜੇ ਡੀ ਬਾਂਸਲ ਰਾਹੀਂ ਸਿਵਲ ਕੋਰਟ ਵਿਚ ਕੇਸ ਦਾਇਰ ਕੀਤਾ, ਜਿਸ ਉੱਤੇ ਅਦਾਲਤ ਨੇ ਇਸ ਦੀ ਅਗਲੀ ਸੁਣਵਾਈ 11 ਸਤੰਬਰ ਤੈਅ ਕਰ ਕੇ ਨਗਰ ਨਿਗਮ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਫਸਰਾਂ ਨੂੰ ਤਲਬ ਕੀਤਾ ਹੈ। ਐਡਵੋਕੇਟ ਜੇਡੀ ਬਾਂਸਲ ਨੇ ਦੱਸਿਆ ਕਿ ਸ਼ਹਿਰ ਦੇ ਨਾਗਰਿਕਾਂ ਤੋਂ 'ਕਾਓ ਸੈਸ' ਦੀ ਰਾਸ਼ੀ ਇਕੱਤਰ ਕੀਤੀ ਜਾਂਦੀ ਹੈ ਪ੍ਰੰਤੂ ਅਵਾਰਾ ਪਸ਼ੂ ਲੋਕਾਂ ਦੀ ਜਾਨ ਦਾ ਖੌਅ ਬਣੇ ਹੋਏ ਹਨ। ਇਨ੍ਹਾਂ ਦੀ ਸੰਭਾਲ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ। ਅਜਿਹਾ ਨਾ ਹੋਣ 'ਤੇ ਸਰਕਾਰੀ ਲਾਪ੍ਰਵਾਹੀ ਸਾਹਮਣੇ ਆਉਂਦੀ ਹੈ ਤੇ ਇਸੇ ਦਾ ਕੇਸ ਦਾਇਰ ਕੀਤਾ ਹੈ, ਜਿਸ ਦੇ ਨਾਲ ਹਾਈ ਕੋਰਟ ਵੱਲੋਂ 2016 ਵਿਚ ਜਾਰੀ ਕੀਤੇ ਨਿਰਦੇਸ਼ਾਂ ਨੂੰ ਨੱਥੀ ਕੀਤਾ ਗਿਆ ਹੈ। ਕੋਰਟ ਨੇ ਡਿਪਟੀ ਕਮਿਸ਼ਨਰ ਪਟਿਆਲਾ, ਨਗਰ ਨਿਗਮ ਕਮਿਸ਼ਨਰ, ਮੇਅਰ, ਲੋਕਲ ਬਾਡੀਜ਼ ਵਿਭਾਗ ਦੇ ਸਕੱਤਰ ਨੂੰ ਸੰਮਨ ਜਾਰੀ ਕੀਤੇ ਹਨ। ਸਿਵਲ ਕੋਰਟ ਦੇ ਜੱਜ ਗੁਰਵਿੰਦਰ ਸਿੰਘ ਜੌਹਲ ਦੀ ਅਦਾਲਤ ਵਿਚ ਸਤੰਬਰ ਮਹੀਨੇ ਵਿਚ ਇਸ ਕੇਸ ਦੀ ਸੁਣਵਾਈ ਹੋਵੇਗੀ।



# ਪਿਰਮਲ ਸਿੰਘ ਖਾਲਸਾ ਨੇ ਘਰ ਵਾਪਸੀ ਦੇ ਚਰਚੇ ਰੱਦ ਕੀਤੇ

ਸੰਗਰੂਰ, 5 ਸਤੰਬਰ (ਪੋਸਟ ਬਿਊਰੋ)- ਕੱਲ੍ਹ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਵੱਲੋਂ ਵਿਧਾਨ ਸਭਾ ਸਪੀਕਰ ਰਾਣਾ ਕੇ ਪੀ ਸਿੰਘ ਨੂੰ ਮਿਲ ਕੇ ਪੰਜਾਬ ਦੇ ਏ ਡੀ ਜੀ ਪੀ ਪ੍ਰਬੋਧ ਕੁਮਾਰ ਦੇ ਖਿਲਾਫ ਸੌਂਪੇ ਵਿਸ਼ੇਸ਼ ਅਧਿਕਾਰ ਉਲੰਘਣ ਅਤੇ ਮਾਣ ਹਾਨੀ ਦੇ ਮਤੇ ਵਾਸਤੇ ਆਮ ਆਦਮੀ ਪਾਰਟੀ ਦੇ ਹੋਰ ਆਗੂਆਂ ਦੇ ਨਾਲ ਪਾਰਟੀ ਤੋਂ ਦੂਰੀ ਬਣਾ ਕੇ ਚੱਲ ਰਹੇ ਭਦੌੜ ਦੇ ਵਿਧਾਇਕ ਪਿਰਮਲ ਸਿੰਘ ਖਾਲਸਾ ਦੇ ਸ਼ਾਮਲ ਹੋਣ ਨਾਲ ਇਸ ਪਾਰਟੀ ਦੇ ਆਗੂਆਂ ਤੇ ਵਰਕਰਾਂ ਵਿੱਚ ਕਈ ਤਰ੍ਹਾਂ ਦੀ ਚਰਚਾ ਚੱਲ ਪਈ ਸੀ। ਇਨ੍ਹਾਂ ਅਟਕਲਾਂ ਨੂੰ ਪਿਰਮਲ ਸਿੰਘ ਖਾਲਸਾ ਨੇ ਰੱਦ ਕਰ ਦਿੱਤਾ ਹੈ।

ਪਿਰਮਲ ਸਿੰਘ ਖਾਲਸਾ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਵਿੱਚ ਦੋਸ਼ੀਆਂ ਖਿਲਾਫ ਕਾਰਵਾਈ ਕਰਵਾਉਣ ਲਈ ਕਿਸੇ ਵੱਲੋਂ ਵੀ ਕਿਸੇ ਤਰ੍ਹਾਂ ਦੀ ਚਾਰਾਜੋਈ ਲਈ ਉਹ ਹਰ ਸਮੇਂ ਹਾਜ਼ਰ ਹਨ, ਪਰ ਜਦੋਂ ਪੁੱਛਿਆ ਗਿਆ ਕਿ ਆਮ ਆਦਮੀ ਪਾਰਟੀ ਦੀ ਪਾਰਟੀ ਤੋਂ ਦੂਰੀ ਅੰਸ਼ਿਕ ਖ਼ਤਮ ਹੋ ਰਹੀ ਹੈ ਤਾਂ ਉਨ੍ਹਾਂ ਕਿਹਾ ਕਿ ਅਜਿਹੀ ਕੋਈ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਾਰਟੀ ਦੇ ਸੀਨੀਅਰ ਆਗੂਆਂ ਨਾਲ ਸਿਧਾਂਤਕ ਮਤਭੇਦ ਕਾਇਮ ਹਨ, ਪਾਰਟੀ ਆਗੂ ਅਸੂਲਾਂ ਤੋਂ ਥਿੜਕ ਗਏ ਹਨ। ਇਸ ਬਾਰੇ ਪਾਰਟੀ ਦੀ ਪੰਜਾਬ ਕੋਰ ਕਮੇਟੀ ਦੇ ਇੰਚਾਰਜ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਥੋੜ੍ਹੇ ਬਹੁਤ ਮਤਭੇਦ ਚੱਲਦੇ ਰਹਿੰਦੇ ਹਨ, ਪਰ ਪਿਰਮਲ ਸਿੰਘ ਖਾਲਸਾ ਹਮੇਸ਼ਾ ਪਾਰਟੀ ਦੇ ਨਾਲ ਖੜਦਾ ਹੈ।



# ਕਾਰ ਸਵਾਰ ਔਰਤਾਂ ਗੱਲੀਂ ਲਾ ਕੇ ਸੋਨੇ ਦੀ ਚੇਨ ਅਤੇ ਕੜੇ ਕੱਟ ਕੇ ਲੈ ਗਈਆਂ

ਕਰਤਾਰਪੁਰ, 5 ਸਤੰਬਰ (ਪੋਸਟ ਬਿਊਰੋ)- ਕੱਲ੍ਹ ਬਾਅਦ ਦੁਪਹਿਰ ਸਰਾਏ ਖਾਸ ਕਰਤਾਰਪੁਰ ਦੀ ਰੋਡ ਦੀ ਸਰਵਿਸ ਲੇਨ ਉੱਤੇ ਚਰਚ ਨੇੜੇ ਸੀਮੈਂਟ ਦੇ ਬੈਂਚ ਬਣਾਉਂਦੇ ਕਾਰੀਗਰਾਂ ਕੋਲ ਖੜ੍ਹੇ ਦੋ ਵਿਅਕਤੀਆਂ ਨੂੰ ਗੱਲਾਂ ਵਿਚ ਲਾ ਕੇ ਕਾਰ ਸਵਾਰ ਤਿੰਨ ਔਰਤਾਂ ਨੇ ਪਰਵਾਸੀ ਭਾਰਤੀ ਬਜ਼ੁਰਗ ਦੀ ਗਲ ਵਿੱਚ ਪਈ ਕਰੀਬ ਅੱਠ ਤੋਲੇ ਦੀ ਸੋਨੇ ਦੀ ਚੇਨ ਅਤੇ ਪੰਜ ਤੋਲੇ ਦਾ ਕੜਾ ਕੱਟ ਲਿਆ। ਬਜ਼ੁਰਗ ਨੂੰ ਭਿਣਕ ਲੱਗ ਜਾਣ 'ਤੇ ਕਾਰ ਸਵਾਰ ਔਰਤਾਂ ਨੇ ਉਸ ਨੂੰ ਕਾਰ 'ਚੋਂ ਧੱਕਾ ਦੇ ਕੇ ਬਾਹਰ ਸੁੱਟ ਦਿੱਤਾ, ਜਿਸ ਕਾਰਨ ਬਜ਼ੁਰਗ ਦੇ ਪੈਰ ਉੱਤੋਂ ਦੀ ਕਾਰ ਦਾ ਟਾਇਰ ਵੀ ਲੰਘ ਗਿਆ ਅਤੇ ਉਹ ਜ਼ਖਮੀ ਹੋ ਗਿਆ। ਕਾਰ ਨਾ ਦਾ ਕਾਫੀ ਪਿੱਛਾ ਵੀ ਕੀਤਾ ਗਿਆ, ਪਰ ਉਹ ਭੱਜਣ ਵਿੱਚ ਸਫਲ ਰਹੇ। ਸਥਾਨਕ ਪੁਲਸ ਨੂੰ ਸ਼ਿਕਾਇਤ ਦੇਣ ਤੋਂ ਬਾਅਦ ਪੀੜਤ ਅਜੀਤ ਸਿੰਘ (70) ਪੁੱਤਰ ਪ੍ਰੀਤਮ ਸਿੰਘ ਵਾਸੀ ਸਰਾਏ ਖਾਸ ਦੇ ਜਵਾਈ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਸਹੁਰਾ ਅਜੀਤ ਸਿੰਘ ਪਿਛਲੇ ਕੁਝ ਮਹੀਨੇ ਪਹਿਲਾਂ ਕੈਨੇਡਾ ਤੋਂ ਆਏ ਸਨ ਅਤੇ ਦੋਬਾਰਾ ਵਾਪਸ ਜਾਣ ਵਾਲੇ ਸਨ। ਉਨ੍ਹਾਂ ਪਿੰਡ 'ਚ ਨਵੀਂ ਕੋਠੀ ਬਣਵਾਈ ਹੈ, ਜਿਸ ਦੇ ਬਾਹਰ ਬੈਠਣ ਲਈ ਬੈਂਚ ਲਾਉਣ ਵਾਸਤੇ ਉਹ ਆਪਣੇ ਸਹੁਰੇ ਅਜੀਤ ਸਿੰਘ ਇੱਕ ਹੋਰ ਵਿਅਕਤੀ ਨਾਲ ਕੱਲ੍ਹ ਬਾਅਦ ਦੁਪਹਿਰ ਸਰਵਿਸ ਲੇਨ ਉੱਤੇ ਚਰਚ ਨੇੜੇ ਸੀਮੈਂਟ ਦੇ ਬੈਂਚ, ਮੂਰਤੀਆਂ ਆਦਿ ਬਣਾਉਣ ਵਾਲੇ ਕਾਰੀਗਰਾਂ ਤੋਂ ਬੈਂਚ ਖਰੀਦ ਕੇ ਟਾਂਗੇ ਉੱਤੇ ਲਦਵਾ ਰਹੇ ਸਨ ਕਿ ਜਲੰਧਰ ਵੱਲੋਂ ਚਿੱਟੇ ਰੰਗ ਦੀ ਗੱਡੀ, ਜਿਸ ਦੇ ਸ਼ੀਸ਼ੇ ਕਾਲੇ ਸਨ, ਉਨ੍ਹਾਂ ਤੋਂ ਕਰੀਬ 20 ਮੀਟਰ ਦੂਰ ਰੁਕੀ, ਜਿਸ ਵਿੱਚੋਂ ਇੱਕ ਔਰਤ ਬਾਹਰ ਆਈ ਅਤੇ ਸਾਨੂੰ ਆਪਣੇ ਵੱਲ ਬੁਲਾ ਕੇ ਪੀਣ ਦਾ ਪਾਣੀ ਲਿਆਉਣ ਲਈ ਕਿਹਾ। ਮੈਂ ਆਪਣੇ ਸਾਥੀ ਨੂੰ ਪਾਣੀ ਲਿਆਉਣ ਲਈ ਕਿਹਾ ਤਾਂ ਇੰਨੀ ਦੇਰ ਵਿੱਚ ਔਰਤਾਂ ਅਜੀਤ ਸਿੰਘ ਨੂੰ ਆਪਣੀ ਕਾਰ ਵੱਲ ਲੈ ਗਈਆਂ ਅਤੇ ਅੰਦਰ ਬਿਠਾ ਲਿਆ। ਗੁਰਪ੍ਰੀਤ ਸਿੰਘ ਅਨੁਸਾਰ ਕੈਨੇਡਾ ਦੇ ਕੋਈ ਜਾਣਕਾਰ ਹੋਣ ਬਾਰੇ ਮੈਂ ਸੋਚ ਕੇ ਆਪਣੇ ਕੰਮ ਲੱਗ ਗਿਆ ਕਿ ਇੰਨੀ ਦੇਰ ਨੂੰ ਔਰਤਾਂ ਨੇ ਅਜੀਤ ਸਿੰਘ ਨੂੰ ਕਾਰ 'ਚੋਂ ਧੱਕਾ ਦੇ ਦਿੱਤਾ ਅਤੇ ਕਾਰ ਭਜਾ ਲਈ। ਇਸ ਦੌਰਾਨ ਕਾਰ ਦਾ ਟਾਇਰ ਅਜੀਤ ਸਿੰਘ ਦੇ ਪੈਰ ਤੋਂ ਲੰਘ ਗਿਆ, ਜਿਸ ਨਾਲ ਉਹ ਜ਼ਖਮੀ ਵੀ ਹੋ ਗਏ। ਉਨ੍ਹਾਂ ਨੇ ਕਾਰ ਦਾ ਕਾਫੀ ਦੂਰ ਤੱਕ ਪਿੱਛਾ ਕੀਤਾ, ਪਰ ਉਹ ਭੱਜਣ 'ਚ ਸਫਲ ਰਹੇ।



# ਫਰਜ਼ੀ ਵਿਆਹਾਂ ਨਾਲ ਲੋਕਾਂ ਨੂੰ ਲੁੱਟਣ ਵਾਲੇ ਗੈਂਗ ਦਾ ਪਰਦਾ ਫਾਸ਼



ਬਠਿੰਡਾ, 5 ਸਤੰਬਰ (ਪੋਸਟ ਬਿਊਰੋ)- ਜ਼ਿਲ੍ਹਾ ਪੁਲਸ ਦੀ ਕਰਾਈਮ ਇਨਵੈਸਟੀਗੇਸ਼ਨ ਟੀਮ ਨੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਭੋਲੇ ਭਾਲੇ ਲੋਕਾਂ ਨਾਲ ਫਰਜ਼ੀ ਵਿਆਹ ਕਰਵਾ ਕੇ ਉਨ੍ਹਾਂ ਨਾਲ ਲੁੱਟ ਤੇ ਚੋਰੀ ਕਰਨ ਵਾਲੇ ਗਿਰੋਹ ਦਾ ਪਰਦਾ ਫਾਸ਼ ਕੀਤਾ ਹੈ। ਸੀ ਆਈ ਏ ਸਟਾਫ ਨੇ ਇਸ ਗਰੋਹ ਦੇ ਇੱਕ ਮਰਦ ਅਤੇ ਚਾਰ ਔਰਤਾਂ ਨੂੰ ਫੜਿਆ ਹੈ। ਉਸ ਗਿਰੋਹ ਦੇ ਮੈਂਬਰ ਕਰੀਬ 20 ਵਿਆਹ ਕਰਵਾ ਕੇ ਲੋਕਾਂ ਨੂੰ ਲੱਖਾਂ ਦਾ ਚੂਨਾ ਲਾ ਚੁੱਕੇ ਹਨ।

ਪੁਲਸ ਵੱਲੋਂ ਪ੍ਰੈੱਸ ਕਾਨਫਰੰਸ ਵਿੱਚ ਐੱਸ ਪੀ ਗੁਰਬਿੰਦਰ ਸਿੰਘ ਸੰਘਾ ਨੇ ਦੱਸਿਆ ਕਿ ਸੀ ਆਈ ਏ ਸਟਾਫ ਨੂੰ ਸੂਚਨਾ ਮਿਲੀ ਸੀ ਕਿ ਇਲਾਕੇ ਵਿੱਚ ਇੱਕ ਗੈਂਗ ਸਰਗਰਮ ਹੈ, ਜਿਹੜੇ ਫਰਜ਼ੀ ਰਿਸ਼ਤੇਦਾਰ ਬਣ ਕੇ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਭੋਲੇ ਭਾਲੇ ਲੋਕਾਂ ਨਾਲ ਪਹਿਲਾਂ ਫਰਜ਼ੀ ਵਿਆਹ ਕਰਦੇ ਹਨ, ਫਿਰ ਉਨ੍ਹਾਂ ਦੇ ਗਹਿਣੇ ਅਤੇ ਨਕਦੀ ਲੁੱਟ ਕੇ ਫਰਾਰ ਹੋ ਜਾਂਦੇ ਹਨ। ਇਸ ਸੂਚਨਾ ਉੱਤੇ ਸੀ ਆਈ ਏ ਨੇ ਕੇਸ ਦਰਜ ਕਰ ਕੇ ਜਗਸੀਰ ਸਿੰਘ ਉਰਫ ਜੱਸੀ ਵਾਸੀ ਰਾਮਪੁਰਾ, ਅਮਰਜੀਤ ਕੌਰ ਉਰਫ ਅਮਰੋ ਉਰਫ ਛਿੰਦਰ ਕੌਰ ਪਤਨੀ ਗੁਰਮੇਲ ਸਿੰਘ ਦਸਮੇਸ਼ ਨਗਰ ਰਾਮਪੁਰਾ ਫੂਲ, ਕੁਲਵਿੰਦਰ ਕੌਰ ਪਤਨੀ ਅਮਰੀਕ ਸਿੰਘ ਵਾਸੀ ਬਾਬਾ ਦੀਪ ਸਿੰਘ ਨਗਰ, ਛਿੰਦਰ ਕੌਰ ਪਤਨੀ ਪ੍ਰੀਤਮ ਸਿੰਘ ਵਾਸੀ ਪਰਸਰਾਮ ਨਗਰ ਦਿੱਲੋਂ ਕਲੋਨੀ ਨੂੰ ਮਤਿਦਾਸ ਨਗਰ ਵਿੱਚ ਕਿਸੇ ਵਿਅਕਤੀ ਨਾਲ ਫਰਜ਼ੀ ਵਿਆਹ ਦੀ ਸਾਜ਼ਿਸ਼ ਦੌਰਾਨ ਫੜ ਲਿਆ। ਉਨ੍ਹਾਂ ਦੱਸਿਆ ਕਿ ਦੋਸ਼ੀ ਕੁਲਵਿੰਦਰ ਕੌਰ ਨੇ ਪਹਿਲਾਂ ਪੰਜਾਬ, ਹਰਿਆਣਾ ਤੇ ਰਾਜਸਥਾਨ ਵਿੱਚ ਪੰਜ ਵਿਆਹ, ਛਿੰਦਰ ਕੌਰ, ਮਹਿੰਦਰ ਕੌਰ, ਅਮਰਜੀਤ ਕੌਰ ਅਤੇ ਜਗਸੀਰ ਸਿੰਘ ਉਰਫ ਜੱਸੀ ਅੱਜ ਤੱਕ 10-15 ਫਰਜ਼ੀ ਵਿਆਹ ਕਰਵਾ ਚੁੱਕੀਆਂ ਹਨ ਅਤੇ ਕਈ ਲੋਕਾਂ ਨੂੰ ਲੁੱਟ ਚੁੱਕੀਆਂ ਹਨ।

# ਕੁਕਰਮ ਕਰਨ ਵਾਲੇ ਦਾ 35 ਸਾਲ ਬਾਅਦ ਗਲਾ ਵੱਢਿਆ

ਗੜ੍ਹਸ਼ੰਕਰ, 5 ਸਤੰਬਰ (ਪੋਸਟ ਬਿਊਰੋ)- ਸਾਈਕਲ ਮਕੈਨਿਕ ਨੇ ਬਚਪਨ ਵਿੱਚ ਕੁਕਰਮ ਕੀਤਾ ਸੀ, ਇਸ ਲਈ ਬਦਲਾ ਲੈਣ ਲਈ 35 ਸਾਲ ਬਾਅਦ ਮਕੈਨਿਕ ਦੀ ਹੱਤਿਆ ਕਰ ਦਿੱਤੀ ਗਈ। ਦੋਸ਼ੀ ਨੇ ਬੜੀ ਹੀ ਹੁਸ਼ਿਆਰੀ ਨਾਲ ਕਤਲ ਕੀਤਾ ਸੀ, ਪਰ ਸੀ ਸੀ ਟੀ ਵੀ ਕੈਮਰੇ ਦੀ ਮਦਦ ਨਾਲ ਕਾਬੂ ਆ ਗਿਆ। ਵਰਨਣ ਯੋਗ ਹੈ ਕਿ ਬੀਤੇ 26 ਅਗਸਤ ਨੂੰ ਥਾਣਾ ਗੜ੍ਹਸ਼ੰਕਰ ਦੇ ਨੇੜੇ ਸਾਈਕਲ ਮਕੈਨਿਕ ਨਿਰਮਲ ਸਿੰਘ ਉਰਫ ਨਿੰਮਾ (60) ਦੀ ਉਸ ਦੀ ਦੁਕਾਨ ਵਿੱਚ ਤੇਜ਼ਧਾਰ ਹਥਿਆਰ ਨਾਲ ਗਲਾ ਕੱਟ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਦਾ ਕੋਈ ਸੁਰਾਗ ਨਹੀਂ ਮਿਲ ਰਿਹਾ ਸੀ। ਪੁਲਸ ਨੇ ਕਤਲ ਦੀ ਤਲਾਸ਼ ਵਿੱਚ ਸੀ ਸੀ ਟੀ ਵੀ ਫੁਟੇਜ ਵੇਖਣੀ ਸ਼ੁਰੂ ਕੀਤੀ ਤਾਂ ਇਸ ਵਿੱਚ ਦੁਕਾਨ ਦੇ ਅੱਗੇ ਹਰੇ ਰੰਗ ਦਾ ਸਕੂਟਰ ਦਿਖਾਈ ਦਿੱਤਾ ਤੇ ਇਸ ਉੱਤੇ ਤੇਜ਼ਧਾਰ ਹਥਿਆਰ ਵੀ ਦਿਖਾਈ ਦਿੱਤਾ ਸੀ। ਡੀ ਐੱਸ ਪੀ ਸਤੀਸ਼ ਕੁਮਾਰ ਅਤੇ ਐੱਸ ਐੱਚ ਓ ਬਲਵਿੰਦਰ ਸਿੰਘ ਨੇ ਦੱਸਿਆ ਕਿ ਕੇਸ ਦੀ ਜਾਂਚ ਕਰਨ 'ਤੇ ਪਤਾ ਲੱਗਾ ਕਿ ਸਕੂਟਰ ਦਾ ਮਾਲਕ ਗੜ੍ਹਸ਼ੰਕਰ ਦੇ ਨਜ਼ਦੀਕੀ ਪਿੰਡ ਰਾਵਲਪਿੰਡੀ ਦਾ ਪਲਵਿੰਦਰ ਸਿੰਘ ਉਰਫ ਭਿੰਦਾ (49) ਹੈ। ਪੁਲਸ ਨੇ ਮੰਗਲਵਾਰ ਰਾਤ ਨੂੰ ਭਿੰਦਾ ਨੂੰ ਫੜ ਲਿਆ। ਦੋਸ਼ੀ ਨੇ ਕਬੂਲ ਕੀਤਾ ਕਿ ਨਿੰਮਾ ਦੀ ਹੱਤਿਆ ਉਸ ਨੇ ਹੀ ਕੀਤੀ ਹੈ।

# ਸੈਕਟਰ-17 ਥਾਣੇ ਕੋਲ ਦਿਨ ਦਿਹਾੜੇ ਨੌਜਵਾਨ ਦਾ ਗੋਲੀ ਮਾਰ ਕੇ ਕਤਲ, ਸਾਥੀ ਜ਼ਖਮੀ

ਚੰਡੀਗੜ੍ਹ, 5 ਸਤੰਬਰ (ਪੋਸਟ ਬਿਊਰੋ)- ਸੈਕਟਰ 17 ਥਾਣੇ ਤੋਂ ਕੁਝ ਕਦਮ ਦੂ ਜ਼ਿਲ੍ਹਾ ਅਦਾਲਤ ਸਾਹਮਣੇ ਪਾਰਕਿੰਗ 'ਚ ਖੜ੍ਹੇ ਨੌਜਵਾਨ ਨੂੰ ਕੱਲ੍ਹ ਦੁਪਹਿਰ ਹਥਿਆਰਾਂ ਨਾਲ ਲੈਸ ਚਾਰ ਨੌਜਵਾਨ ਗੋਲੀ ਮਾਰ ਕੇ ਫਰਾਰ ਹੋ ਗਏ। ਨੌਜਵਾਨ ਦੇ ਢਿੱਡ 'ਚ ਦੋ ਗੋਲੀਆਂ ਲੱਗੀਆਂ ਅਤੇ ਉਹ ਲਹੂ-ਲੁਹਾਨ ਹੋ ਕੇ ਪਾਰਕਿੰਗ ਵਿੱਚ ਡਿੱਗ ਗਿਆ। ਇਸ ਦੌਰਾਨ ਜ਼ਖਮੀ ਨੌਜਵਾਨ ਦਾ ਸਾਥੀ ਵੀ ਛੱਰੇ ਲੱਗਣ ਨਾਲ ਜ਼ਖਮੀ ਹੋ ਗਿਆ। ਲੋਕਾਂ ਨੇ ਪਾਰਕਿੰਗ 'ਚ ਖੜ੍ਹੇ ਹੋਮਗਾਰਡ ਜਵਾਨਾਂ ਨੂੰ ਹਮਲਾਵਰਾਂ ਨੂੰ ਫੜਨ ਲਈ ਕਿਹਾ ਤਾਂ ਉਨ੍ਹਾਂ ਨੇ ਮਨ੍ਹਾ ਕਰ ਦਿੱਤਾ ਤੇ ਕਿਹਾ ਕਿ ਉਨ੍ਹਾਂ ਦੀ ਡਿਊਟੀ ਨਹੀਂ ਹੈ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਹੂ-ਲੁਹਾਨ ਹਾਲਤ ਵਿੱਚ ਦੋਵਾਂ ਨੌਜਵਾਨਾਂ ਨੂੰ ਪੀ ਜੀ ਆਈ ਵਿੱਚ ਦਾਖਲ ਕਰਾਇਆ, ਜਿੱਥੇ ਡਾਕਟਰਾਂ ਨੇ ਜੀਂਦ ਦੇ ਡਰੂਖਾਂ ਵਾਸੀ ਤਜਿੰਦਰ ਪਾਲ ਉਰਫ ਮਾਲੀ ਨੂੰ ਮ੍ਰਿਤਕ ਕਰਾਰ ਦੇ ਦਿੱਤਾ।



ਮੁੱਢਲੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਹਮਲਾਵਰ ਸ਼ਹਿਰ ਦੇ ਵਿਚਕਾਰੋਂ ਸੈਕਟਰ 17-22 ਦੀ ਸੜਕ ਤੋਂ ਆਟੋ ਫੜ ਕੇ ਫਰਾਰ ਹੋ ਗਏ। ਪੁਲਸ ਨੂੰ ਘਟਨਾ ਸਥਾਨ ਤੋਂ ਪੰਜ ਗੋਲੀਆਂ ਦੇ ਖੋਲ ਮਿਲੇ ਹਨ। ਸੈਕਟਰ 17 ਥਾਣਾ ਪੁਲਸ ਨੇ ਕਤਲ ਦਾ ਮਾਮਲਾ ਦਰਜ ਕਰ ਕੇ ਕਾਤਲਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਹੜ੍ਹ ਵਿੱਚ ਰੁੜ੍ਹੇ ਮੰਡਾਲਾ ਪਿੰਡ ਦੇ ਨੌਜਵਾਨ ਦੀ ਲਾਸ਼ 17ਵੇਂ ਦਿਨ ਮਿਲੀ

ਲੋਹੀਆਂ ਖਾਸ, 5 ਸਤੰਬਰ (ਪੋਸਟ ਬਿਊਰੋ)- ਪਿੰਡ ਗਿੱਦੜ ਪਿੰਡੀ-ਮੰਡਾਲਾ ਦੇ ਬੰਨ੍ਹ ਟੁੱਟਣ ਮੌਕੇ ਮੰਡਾਲਾ ਪਿੰਡ ਦੇ ਇੱਕ ਨੌਜਵਾਨ ਦੇ ਹੜ੍ਹ 'ਚ ਰੁੜ੍ਹ ਜਾਣ ਤੋਂ ਬਾਅਦ ਉਸ ਦੀ ਲਾਸ਼ ਨਹੀਂ ਮਿਲੀ ਸੀ, ਜਿਹੜੀ ਕੱਲ੍ਹ 17 ਦਿਨ ਬੀਤ ਜਾਣ ਉਪਰੰਤ ਰੇਲਵੇ ਪੁਲੀ ਵਿੱਚ ਫਸੀ ਹੋਈ ਮਿਲ ਜਾਣ ਦਾ ਪਤਾ ਲੱਗਾ ਹੈ।

ਇਸ ਬਾਰੇ ਲੋਹੀਆਂ ਰੇਲਵੇ ਚੌਕੀ ਦੇ ਇੰਚਾਰਜ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਮੰਡਾਲਾ ਬੰਨ੍ਹ ਟੁੱਟਿਆ ਤਾਂ ਪਿੰਡ ਮੰਡਾਲਾ ਦੇ ਵਿਜੇ ਪੁੱਤਰ ਬੂਟਾ ਸਿੰਘ ਹੜ੍ਹ ਦੇ ਪਾਣੀ ਦੇ ਲਪੇਟ ਵਿੱਚ ਆ ਗਿਆ ਸੀ, ਜਿਸ ਦੀ ਲਾਸ਼ ਗਿੱਦੜ ਪਿੰਡੀ ਸਟੇਸ਼ਨ ਵੱਲ ਪਾਣੀ ਦੇ ਤੇਜ਼ ਵਹਾਅ ਦੌਰਾਨ ਵਹਿੰਦੀ ਹੋਈ ਗਿੱਦੜ ਪਿੰਡੀ ਤੋਂ ਪਿੰਡ ਮਾਣਕ ਦੇ ਵਿਚਕਾਰ ਪੈਂਦੀ ਰੇਲਵੇ ਦੀ 55-56 ਕਿਲੋਮੀਟਰ ਨੇੜੇ ਪੈਂਦੇ ਅੰਡਰ ਬ੍ਰਿਜ ਵਿੱਚ ਜਾ ਫਸੀ ਸੀ। ਮ੍ਰਿਤਕ ਵਿਜੇ ਦੇ ਮਾਪਿਆਂ ਉਸ ਦੀ ਖਰਾਬ ਹੋ ਚੁੱਕੀ ਲਾਸ਼ ਦੀ ਪਛਾਣ ਕਰ ਲਈ ਹੈ।



## ਗੁਰੂਗ੍ਰਾਮ ਵਿੱਚ ਆਟੋ ਚਾਲਕ ਦਾ 94,000 ਦਾ ਚਾਲਾਨ ਕਰ ਦਿੱਤਾ ਗਿਆ



ਗੁਰੂਗ੍ਰਾਮ, 5 ਸਤੰਬਰ (ਪੋਸਟ ਬਿਊਰੋ)- ਨਵੇਂ ਵਾਹਨ ਮੋਟਰ ਐਕਟ 2019 ਲਾਗੂ ਹੋਣ ਪਿੱਛੋਂ ਦਿੱਲੀ ਦੇ ਨਾਲ ਲੱਗਦੇ ਗੁਰੂਗ੍ਰਾਮ ਵਿੱਚ ਇਕ ਆਟੋ ਚਾਲਕ ਦਾ 94000 ਰੁਪਏ ਦਾ ਚਾਲਾਨ ਕੱਟਿਆ ਗਿਆ। ਨਵੇਂ ਨਿਯਮ ਲਾਗੂ ਹੋਣ ਦੇ ਬਾਅਦ ਇਹ ਅੱਜ ਤੱਕ ਸਭ ਤੋਂ ਵੱਡਾ ਚਾਲਾਨ ਮੰਨਿਆ ਜਾ ਰਿਹਾ ਹੈ।

ਇਸ ਦੌਰਾਨ ਦੋ ਹੋਰ ਆਟੋ ਚਾਲਕਾਂ ਦਾ ਚਾਲਾਨ ਕ੍ਰਮਵਾਰ 37,000 ਅਤੇ 27,000 ਰੁਪਏ ਦਾ ਕੱਟਿਆ ਗਿਆ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਤਿੰਨ ਆਟੋ ਚਾਲਕਾਂ ਦੇ ਕੋਲ ਨਾ ਗੱਡੀ ਦੇ ਕੋਈ ਕਾਗਜ਼ਾਤ ਸਨ ਅਤੇ ਨਾ ਹੀ ਲਾਇਸੈਂਸ ਸੀ। ਕੱਲ੍ਹ ਰਾਤ ਟਰੈਫਿਕ ਪੁਲਸ ਨੇ ਇਕ ਟੈਂਕਰ ਚਾਲਕ ਦਾ 59,000 ਰੁਪਏ ਦਾ ਚਲਾਨ ਕਰ ਦਿੱਤਾ। ਦੱਸਿਆ ਜਾਂਦਾ ਹੈ ਕਿ ਚਾਲਕ ਨੇ ਨਾ ਸਿਰਫ ਰੈਡ ਲਾਈਟ ਜੰਪ ਕੀਤੀ, ਬਲਕਿ ਇਕ ਬਾਈਕ ਨੂੰ ਟੱਕਰ ਵੀ ਮਾਰ ਦਿੱਤੀ ਸੀ ਅਤੇ ਉਹ ਪੁਲਸ ਨੂੰ ਕੋਈ ਕਾਗਜ਼ਾਤ ਵੀ ਨਹੀਂ ਦਿਖਾ ਸਕਿਆ ਸੀ।

## ਹਰਿਆਣਾ ਵਿੱਚ ਕੁਮਾਰੀ ਸ਼ੈਲਜਾ ਕਾਂਗਰਸ ਚੇਅਰਪਰਸਨ ਤੇ ਹੁੱਡਾ ਵਿਧਾਇਕ ਦਲ ਦੇ ਨੇਤਾ ਹੋਣਗੇ

ਨਵੀਂ ਦਿੱਲੀ, 5 ਸਤੰਬਰ (ਪੋਸਟ ਬਿਊਰੋ)- ਕਾਂਗਰਸ ਪਾਰਟੀ ਨੇ ਸਾਬਕਾ ਕੇਂਦਰੀ ਮੰਤਰੀ ਕੁਮਾਰੀ ਸ਼ੈਲਜਾ ਨੂੰ ਹਰਿਆਣਾ ਦੀ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਵਿਧਾਇਕ ਦਲ ਦਾ ਨੇਤਾ ਬਣਾਇਆ ਹੈ। ਸੋਨੀਆ ਗਾਂਧੀ ਦੀ ਕਰੀਬੀ ਮੰਨੀ ਜਾਂਦੀ ਸ਼ੈਲਜਾ ਨੇ ਅਸ਼ੋਕ ਤੰਵਰ ਦੀ ਥਾਂ ਲਈ ਹੈ। ਦੂਜੇ ਪਾਸੇ, ਹੁੱਡਾ ਨੇ ਕਿਰਨ ਚੌਧਰੀ ਦੀ ਥਾਂ ਲਈ ਹੈ। ਹੁੱਡਾ ਨੂੰ ਚੋਣ ਪ੍ਰਬੰਧ ਕਮੇਟੀ ਦਾ ਪ੍ਰਧਾਨ ਵੀ ਬਣਾਇਆ ਗਿਆ ਹੈ।



ਹਰਿਆਣਾ ਦੇ ਕਾਂਗਰਸ ਇੰਚਾਰਜ ਗੁਲਾਮ ਨਬੀ ਆਜ਼ਾਦ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸ਼ੈਲਜਾ ਨੂੰ ਸੂਬਾ ਪ੍ਰਧਾਨ ਅਤੇ ਭੁਪਿੰਦਰ ਸਿੰਘ ਹੁੱਡਾ ਨੂੰ ਵਿਧਾਇਕ ਦਲ ਦੇ ਨੇਤਾ ਨਿਯੁਕਤ ਕਰ ਦਿੱਤਾ ਗਿਆ ਹੈ। ਹਰਿਆਣਾ ਵਿੱਚ ਅਕਤੂਬਰ ਦੇ ਅਖੀਰ ਵਿੱਚ ਚੋਣਾਂ ਹੋਣੀਆਂ ਹਨ। ਆਜ਼ਾਦ ਨੇ ਮੰਨਿਆ ਕਿ ਇਨ੍ਹਾਂ ਨਿਯੁਕਤੀਆਂ ਵਿੱਚ ਦੇਰੀ ਹੋਈ ਹੈ, ਪਰ ਉਨ੍ਹਾਂ ਇਹ ਵੀ ਕਿਹਾ ਕਿ ਦੇਰ ਆਏ, ਦਰੁਸਤ ਆਏ। ਕਾਂਗਰਸ ਆਗੂ ਕੇ ਸੀ ਵੇਣੂਗੋਪਾਲ ਦੀ ਮੌਜੂਦਗੀ ਵਾਲੇ ਪੱਤਰਕਾਰ ਸੰਮੇਲਨ ਵਿੱਚ ਗੁਲਾਮ ਨਬੀ ਆਜ਼ਾਦ ਨੇ ਸ਼ੈਲਜਾ ਅਤੇ ਭੁਪਿੰਦਰ ਸਿੰਘ ਹੁੱਡਾ ਦੇ ਲੰਮੇ ਰਾਜਨੀਤਕ ਤਜਰਬੇ ਦਾ ਜ਼ਿਕਰ ਕੀਤਾ ਅਤੇ ਉਮੀਦ ਪ੍ਰਗਟਾਈ ਕਿ ਦੋਵਾਂ ਦੀ ਅਗਵਾਈ ਵਿੱਚ ਕਾਂਗਰਸ ਅਗਲੀਆਂ ਵਿਧਾਨ ਸਭਾ ਚੋਣਾਂ ਦੇ ਦੌਰਾਨ ਭਾਜਪਾ ਨੂੰ ਸਖਤ ਟੱਕਰ ਦੇਵੇਗੀ। ਉਨ੍ਹਾਂ ਮੁੱਖ ਮੰਤਰੀ ਵਜੋਂ ਭੁਪਿੰਦਰ ਸਿੰਘ ਹੁੱਡਾ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰ ਕੇ ਕਿਹਾ ਕਿ ਉਨ੍ਹਾਂ ਦੇ ਤਜਰਬੇ ਨੂੰ ਵੇਖਦਿਆਂ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ। ਇਸ ਫੈਸਲੇ ਨੂੰ ਹੁੱਡਾ ਦੀ ਨਾਰਾਜ਼ਗੀ ਅਤੇ ਰਾਜ ਦੇ ਪਾਰਟੀ ਆਗੂਆਂ ਦੇ ਕਲੇਸ਼ ਨੂੰ ਦੂਰ ਕਰਨ ਦੇ ਯਤਨ ਵਜੋਂ ਦੇਖਿਆ ਗਿਆ ਹੈ। ਹੁੱਡਾ ਨੇ ਕੱਲ੍ਹ ਆਪਣੇ ਸਮਰਥਕਾਂ ਨਾਲ ਬੈਠਕ ਕੀਤੀ ਸੀ ਜਿਸ ਵਿੱਚ ਉਨ੍ਹਾਂ ਆਗਾਮੀ ਚੋਣਾਂ ਦੇ ਸੰਬੰਧ ਵਿੱਚ ਅਗਲਾ ਫੈਸਲਾ ਕਰਨ ਦਾ ਅਧਿਕਾਰ ਹੁੱਡਾ ਨੂੰ ਦਿੱਤਾ ਸੀ। ਹੁੱਡਾ ਅਤੇ ਤੰਵਰ ਵਿਚਾਲੇ ਟਕਰਾਅ ਦੀਆਂ ਖਬਰਾਂ ਚਿਰਾਂ ਤੋਂ ਆ ਰਹੀਆਂ ਹਨ। ਕਿਹਾ ਜਾ ਰਿਹਾ ਸੀ ਕਿ ਹੁੱਡਾ ਪਾਰਟੀ ਤੋਂ ਨਾਰਾਜ਼ ਹਨ ਅਤੇ ਵੱਖ ਹੋ ਸਕਦੇ ਹਨ। ਉਨ੍ਹਾਂ ਦੀ 29 ਅਗਸਤ ਨੂੰ ਸੋਨੀਆ ਗਾਂਧੀ ਨਾਲ ਮੁਲਾਕਾਤ ਪਿੱਛੋਂ ਖਬਰਾਂ ਸਨ ਕਿ ਸੂਬਾ ਕਾਂਗਰਸ ਕਮੇਟੀ ਦੇ ਪ੍ਰਧਾਨ ਨੂੰ ਬਦਲਿਆ ਜਾ ਸਕਦਾ ਹੈ ਅਤੇ ਟਿਕਟ ਵੰਡ ਵਿੱਚ ਹੁੱਡਾ ਦੀ ਭੂਮਿਕਾ ਯਕੀਨੀ ਕੀਤੀ ਜਾ ਸਕਦੀ ਹੈ।

## ਮੱਧ ਪ੍ਰਦੇਸ਼ ਪੁਲਿਸ ਨੇ 4.11 ਕਰੋੜ ਰੁਪਏ ਨਾਜਾਇਜ਼ ਰਕਮ ਫੜੀ

ਭੋਪਾਲ, 5 ਸਤੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿੱਚ ਪੁਲਿਸ ਨੇ ਇੱਕ ਕਾਰੋਬਾਰੀ ਦੀ ਕਾਰ ਤੋਂ ਕਰੀਬ 4.11 ਕਰੋੜ ਰੁਪਏ ਨਕਦ ਬਰਾਮਦ ਕੀਤੇ ਹਨ। ਇਹ ਰਕਮ ਕਾਰ ਵਿੱਚ ਲੁਕਾ ਕੇ ਮੁੰਬਈ ਭੇਜੀ ਜਾ ਰਹੀ ਸੀ, ਜਿੱਥੋਂ ਵਾਪਸੀ ਵਿੱਚ ਕਾਰ ਵਿੱਚ ਲਿਆਉਣ ਦੀ ਗੱਲ ਕਾਰੋਬਾਰੀਆਂ ਨੇ ਕਬੂਲੀ ਹੈ।

ਪਤਾ ਲੱਗਾ ਹੈ ਕਿ ਨੋਟਾਂ ਦੇ 31 ਬੰਡਲ ਗੱਡੀ ਦੇ ਫਲੋਰ ਵਿੱਚ ਸਪੈਸ਼ਲ ਬਾਕਸ ਬਣਾ ਕੇ ਲੁਕਾਏ ਗਏ ਸਨ। ਫੰਦਾ ਟੋਲ ਨਾਕੇ ਦੇ ਕੋਲ ਪੁਲਿਸ ਨੇ ਜਦੋਂ ਕਾਰ ਨੂੰ ਰੋਕ ਕੇ ਤਲਾਸ਼ੀ ਲਈ ਤੇ ਉਸਦੇ ਫਰਸ਼ ਉਤੇ ਪਿਆ ਮੈਟ ਹਟਾਇਆ ਤਾਂ ਓਥੇ ਇੱਕ ਬਕਸੇ ਵਰਗਾ ਕੁਝ ਦਿੱਸਿਆ। ਇਸ ਫਲੋਰ ਨੂੰ ਕੱਟ ਕੇ ਅੱਗੇ ਅਤੇ ਪਿੱਛੇ 4 ਬਾਕਸ ਬਣਾਏ ਗਏ ਸਨ। ਪੁਲਿਸ ਨੇ ਇੱਕ ਬਾਕਸ ਦੇ ਨਟ ਖੋਲ੍ਹੇ ਤਾਂ ਉਸ ਦੇ ਅੰਦਰ ਪੈਕ ਕੀਤੇ ਨੋਟਾਂ ਬੰਡਲ ਮਿਲੇ। ਚਾਰਾਂ ਬਾਕਸਾਂ ਨੂੰ ਖੋਲ੍ਹਿਆ ਗਿਆ ਤਾਂ ਉਨ੍ਹਾਂ ਵਿਚੋਂ ਨੋਟਾਂ ਦੇ 31 ਬੰਡਲ ਨਿਕਲੇ। ਪੁਲਿਸ ਨੇ ਕਾਰ ਦੇ ਨਾਲ ਦਿਨੇਸ਼ ਲੌਵੰਸ਼ੀ ਉਸਦੇ ਭਰਾ ਭੂਰਾ ਲਾਲ ਅਤੇ ਸੋਨੂ ਲੋਢਾ ਨੂੰ ਗ੍ਰਿਫਤਾਰ ਕੀਤਾ ਹੈ। ਦਿਨੇਸ਼ ਨੇ ਦੱਸਿਆ ਕਿ ਇਹ ਰਕਮ ਸੋਨੇ ਦੇ ਕਾਰੋਬਾਰੀ ਮਧੁਰ ਅਗਰਵਾਲ ਦੀ ਹੈ। ਸੂਤਰਾਂ ਮੁਤਾਬਕ ਮੁੰਬਈ ਵਿੱਚ ਨਕਦ ਪੇਮੈਂਟ ਕਰਨ ਉੱਤੇ ਸੋਨਾ 2000 ਰੁਪਏ/10 ਗਰਾਮ ਤੱਕ ਸਸਤਾ ਮਿਲਦਾ ਹੈ। ਆਮ ਬਜਟ ਵਿੱਚ ਸੋਨੇ ਉੱਤੇ ਕਸਟਮ ਡਿਊਟੀ 12.5% ਕੀਤੇ ਜਾਣ ਪਿੱਛੋਂ ਵਿਦੇਸ਼ਾਂ ਤੋਂ ਵੱਡੇ ਪੈਮਾਨੇ ਉੱਤੇ ਸੋਨਾ ਤਸਕਰੀ ਕਰਕੇ ਆਉਂਦਾ ਹੈ। ਇਸ ਲਈ ਦੇਸ਼ ਦੇ ਕਈ ਹਿੱਸਿਆਂ ਵਿੱਚ ਸੋਨਾ ਕੈਸ਼ ਪੇਮੇਂਟ ਨਾਲ ਪੁਚਾਇਆ ਜਾਂਦਾ ਹੈ। ਭੋਪਾਲ ਵਿੱਚ ਬੁੱਧਵਾਰ ਸੋਨੇ ਦੇ ਮੁੱਲ 38,600 ਰੁਪਏ ਪ੍ਰਤੀ ਦਸ ਗਰਾਮ ਸਨ, ਪਰ ਬੈਂਕਿੰਗ ਚੈਨਲ ਵਰਗੇ ਆਰ ਟੀ ਜੀ ਐਸ ਅਤੇ ਚੈਕ ਦੇ ਜਰੀਏ ਭੁਗਤਾਨ ਕਰਨ ਵਾਲਿਆਂ ਨੂੰ ਇਹੋ ਸੋਨਾ 40,600 ਰੁਪਏ ਦਾ ਮਿਲਦਾ ਹੈ। ਪੁਲਿਸ ਨੇ ਇਹ ਕੇਸ ਇਨਕਮ ਟੈਕਸ ਨੂੰ ਦੇ ਦਿੱਤਾ ਹੈ। ਇਸ ਕਾਰਵਾਈ ਪਿੱਛੋਂ ਇਨਕਮ ਟੈਕਸ ਵਿਭਾਗ ਦੀ ਇੰਵੇਸਟੀਗੇਸ਼ਨ ਵਿੰਗ ਨੇ ਚੌਂਕ ਬਾਜ਼ਾਰ ਸਥਿਤ ਜਵੇਲਰੀ ਦੇ 2 ਜੀ ਐਮ ਗੋਲਡ ਤੇ ਸ਼ੁਭ ਵਿੱਚ ਸਰਚ ਅਤੇ ਸਰਵੇ ਦੀ ਕਾਰਵਾਈ ਕੀਤੀ। ਇਸ ਵਿੱਚ ਵਿਭਾਗ ਨੂੰ ਵੱਡੇ ਪੱਧਰ ਉੱਤੇ ਮੋਬਾਇਲ ਡਾਟਾ ਅਤੇ ਕਰੋੜਾਂ ਰੁਪਏ ਦੇ ਲੈਣ ਦੇਣ ਦਾ ਸਬੂਤ ਮਿਲਿਆ ਹੈ।

## ਬਿਜਲੀ ਵਿਭਾਗ ਨੇ ਸਕੂਲ ਨੂੰ 618 ਕਰੋੜ ਰੁਪਏ ਤੋਂ ਵੱਧ ਬਿੱਲ ਭੇਜ ਦਿੱਤਾ

ਵਾਰਾਣਸੀ, 5 ਸਤੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਪਣੇ ਪਾਰਲੀਮੈਂਟ ਖੇਤਰ ਵਾਰਾਣਸੀ ਦੇ ਬਿਜਲੀ ਵਿਭਾਗ ਦੀ ਵੱਡੀ ਲਾਪਰਵਾਹੀ ਦਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ ਸਕੂਲ ਨੂੰ 618 ਕਰੋੜ ਰੁਪਏ ਤੋਂ ਵੱਧ ਦਾ ਬਿਜਲੀ ਬਿੱਲ ਭੇਜ ਦਿੱਤਾ ਗਿਆ ਹੈ, ਜਿਸ ਤੋਂ ਹਰ ਕੋਈ ਹੈਰਾਨ ਹੈ।



ਵਾਰਾਣਸੀ ਦੇ ਵਿਨਾਇਕਾ ਇਲਾਕੇ ਵਿੱਚ ਇਕ ਨਿੱਜੀ ਸਕੂਲ ਨੂੰ 618 ਕਰੋੜ 51 ਲੱਖ ਰੁਪਏ ਦਾ ਬਿੱਲ ਆਇਆ ਹੈ। ਬਿੱਲ ਦੀ ਇੰਨੀ ਮੋਟੀ ਰਕਮ ਦੇਖ ਕੇ ਸਕੂਲ ਪ੍ਰਬੰਧਕ ਹੈਰਾਨ ਹਨ। ਸਕੂਲ ਪ੍ਰਬੰਧਕ ਯੋਗੇਂਦਰ ਮਿਸ਼ਰਾ ਅਨੁਸਾਰ ਉਨ੍ਹਾਂ ਨੇ ਪਿਛਲਾ ਸਾਰਾ ਬਿਜਲੀ ਬਿੱਲ ਜਮ੍ਹਾ ਕਰ ਦਿੱਤਾ ਸੀ, ਇਸ ਤੋਂ ਬਾਅਦ ਇੰਨਾ ਬਿੱਲ ਆਉਣਾ ਹੈਰਾਨੀ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਇਸ ਬਿਜਲੀ ਬਿੱਲ ਦੀ ਸ਼ਿਕਾਇਤ ਉਨ੍ਹਾਂ ਨੇ ਪੂਰਵਾਂਚਲ ਬਿਜਲੀ ਸਪਲਾਈ ਨਿਗਮ ਦੇ ਪ੍ਰਬੰਧ ਡਾਇਰੈਕਟਰ ਦੇ ਦਫ਼ਤਰ 'ਚ ਕੀਤੀ ਸੀ। ਸਕੂਲ ਪ੍ਰਬੰਧਕ ਨੇ ਦੱਸਿਆ ਕਿ ਉਨ੍ਹਾਂ ਨੂੰ ਸਾਫਟਵੇਅਰ ਦੀ ਗੜਬੜੀ ਦੱਸ ਕੇ ਵਾਪਸ ਭੇਜ ਦਿੱਤਾ ਗਿਆ। ਯੋਗੇਂਦਰ ਮਿਸ਼ਰਾ ਨੇ ਦੱਸਿਆ ਕਿ ਇਸ ਬਿਜਲੀ ਬਿੱਲ ਨੂੰ ਠੀਕ ਕਰਾਉਣ ਦੇ ਲਈ ਉਹ ਪਿਛਲੇ ਕਈ ਦਿਨਾਂ ਤੋਂ ਬਿਜਲੀ ਵਿਭਾਗ ਦਾ ਚੱਕਰ ਲਾ ਰਹੇ ਹਨ, ਪਰ ਉਨ੍ਹਾਂ ਨੂੰ ਭਰੋਸੇ ਤੋਂ ਇਲਾਵਾ ਕੁਝ ਨਹੀਂ ਮਿਲਿਆ।

ਵਰਨਣ ਯੋਗ ਹੈ ਕਿ ਇਸ ਬਿਜਲੀ ਬਿੱਲ ਨੂੰ ਜਮ੍ਹਾ ਨਾ ਕਰਨ ਦੀ ਸਥਿਤੀ 'ਚ ਕੁਨੈਕਸ਼ਨ ਕੱਟੇ ਜਾਣ ਦੀ ਤਾਰੀਕ 7 ਸਤੰਬਰ ਦੀ ਹੈ। ਜਿਵੇਂ-ਜਿਵੇਂ ਇਹ ਤਾਰੀਕ ਨੇੜੇ ਆ ਰਹੀ ਹੈ, ਸਕੂਲ ਪ੍ਰਬੰਧਕ ਦੀ ਚਿੰਤਾ ਵਧਦੀ ਜਾ ਰਹੀ ਹੈ। ਉਨ੍ਹਾਂ ਨੂੰ ਬਿਜਲੀ ਕੁਨੈਕਸ਼ਨ ਕੱਟਣ ਦਾ ਡਰ ਸਤਾ ਰਿਹਾ ਹੈ। ਬਿਜਲੀ ਵਿਭਾਗ ਦੇ ਅਧਿਕਾਰੀ ਇਸ ਨੂੰ ਤਕਨੀਕੀ ਨੁਕਸ ਦਾ ਨਤੀਜਾ ਦੱਸਦੇ ਹਨ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਦਾ ਵੱਡਾ ਬਿੱਲ ਆਇਆ ਹੈ, ਉਨ੍ਹਾਂ ਦੇ ਘਰ ਸੋਲਰ ਪੈਨਲ ਲੱਗਾ ਹੈ ਤੇ ਓਥੇ ਨੈੱਟ ਮੀਟਰ ਨਾਂ ਦਾ ਮੀਟਰ ਲੱਗਾ ਹੁੰਦਾ ਹੈ। ਜਿਸ ਰੀਡਿੰਗ ਮਸ਼ੀਨ ਨਾਲ ਰੀਡਿੰਗ ਕੀਤੀ ਗਈ ਹੈ, ਉਹ ਸੋਲਰ ਪੈਨਲ ਵਾਲੇ ਨੈੱਟ ਮੀਟਰ ਸਹੀ ਨੋਟ ਨਹੀਂ ਕਰਦੇ ਅਤੇ ਇਸੇ ਕਾਰਨ ਬਿੱਲ ਗਲਤ ਬਣ ਗਿਆ। ਮੀਟਰ ਰੀਡਰ ਨੂੰ ਵੀ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਅਤੇ ਬਿੱਲ ਬਣਾਉਣ ਦੀ ਗੱਲ ਸਿਸਟਮ 'ਤੇ ਲੋਡ ਹੋਣ ਤੋਂ ਪਹਿਲਾਂ ਹੀ ਸਿਸਟਮ ਨੇ ਉਸ ਨੂੰ ਰਿਜੈਕਟ ਕਰ ਦਿੱਤਾ ਸੀ। ਅਧਿਕਾਰੀ ਦੱਸਦੇ ਹਨ ਕਿ ਇਹ ਵਿਭਾਗ ਦੇ ਸਿਸਟਮ ਉੱਤੇ ਲੋਡ ਨਹੀਂ ਹੋ ਸਕਿਆ, ਇਸ ਲਈ ਇਹ ਰਿਜੈਕਟੇਡ ਬਿੱਲ ਹੈ। ਨਵੇਂ ਤਰੀਕੇ ਨਾਲ ਮੀਟਰ ਦੀ ਰੀਡਿੰਗ ਹੋਵੇਗੀ।

## ਬਾਬਰੀ ਮਸਜਿਦ ਵਿਵਾਦ ਦਾ ਕੇਸ ਕਰਨ ਵਾਲੇ ਉੱਤੇ ਹਮਲਾ

ਅਯੁੱਧਿਆ, 5 ਸਤੰਬਰ (ਪੋਸਟ ਬਿਊਰੋ)- ਬਾਬਰੀ ਮਸਜਿਦ ਵਿਵਾਦ ਬਾਰੇ ਕੇਸ ਕਰਨ ਵਾਲੇ ਇਕਬਾਲ ਅਨਸਾਰੀ ਉੱਤੇ ਘਰ ਵਿੱਚ ਦਾਖਲ ਹੋ ਕੇ ਦੋ ਜਣਿਆਂ ਨੇ ਹਮਲਾ ਕਰ ਦਿੱਤਾ। ਉਨ੍ਹਾਂ ਦਾਅਵਾ ਕੀਤਾ ਕਿ ਹਮਲਾਵਰਾਂ ਨੇ ਕੇਸ ਵਾਪਸ ਨਾ ਲੈਣ ਦੀ ਸੂਰਤ 'ਚ ਜਾਨੋਂ ਮਾਰਨ ਦੀ ਧਮਕੀ ਦਿੱਤੀ। ਅਨਸਾਰੀ ਦੇ ਸੁਰੱਖਿਆ ਗਾਰਡਾਂ ਨੇ ਉਸ ਨੂੰ ਇਨ੍ਹਾਂ ਹਮਲਾਵਰਾਂ ਤੋਂ ਬਚਾਇਆ ਜਿਨ੍ਹਾਂ ਨੂੰ ਪੁਲਸ ਨੇ ਹਿਰਾਸਤ 'ਚ ਲੈ ਲਿਆ ਹੈ।



ਇਸ ਸੰਬੰਧ ਵਿੱਚ ਅਨਸਾਰੀ ਨੇ ਖਬਰ ਏਜੰਸੀ ਨੂੰ ਦੱਸਿਆ ਕਿ ਕੱਲ੍ਹ ਦੁਪਹਿਰੇ ਇਕ ਆਦਮੀ ਅਤੇ ਮਹਿਲਾ ਉਸ ਦੀ ਰਿਹਾਇਸ਼ ਉਤੇ ਆਏ। ਮਹਿਲਾ ਨੇ ਆਪਣਾ ਨਾਮ ਵਰਤਿਕਾ ਸਿੰਘ ਦੱਸਿਆ ਅਤੇ ਦਾਅਵਾ ਕੀਤਾ ਕਿ ਉਹ ਕੌਮਾਂਤਰੀ ਪੱਧਰ ਦੀ ਨਿਸ਼ਾਨੇਬਾਜ਼ ਹੈ। ਉਨ੍ਹਾਂ ਮੈਨੂੰ ਕੇਸ ਵਿੱਚੋਂ ਨਾਮ ਵਾਪਸ ਲੈਣ ਲਈ ਕਿਹਾ ਤੇ ਧਮਕੀ ਦਿੱਤੀ ਕਿ ਅਜਿਹਾ ਨਾ ਕੀਤਾ ਤਾਂ ਉਹ ਮੈਨੂੰ ਗੋਲੀ ਮਾਰ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਪਿੱਛੋਂ ਦੋਵਾਂ ਨੇ ਉਸ ਉਤੇ ਹਮਲਾ ਕਰ ਦਿੱਤਾ, ਪਰ ਸੁਰੱਖਿਆ ਗਾਰਡਾਂ ਨੇ ਬਚਾ ਲਿਆ। ਹਮਲੇ 'ਚ ਉਨ੍ਹਾਂ ਨੂੰ ਕੋਈ ਸੱਟ ਨਹੀਂ ਲੱਗੀ। ਫੈਜ਼ਾਬਾਦ ਦੇ ਐਸ ਪੀ ਵਿਜੈ ਪਾਲ ਸਿੰਘ ਨੇ ਕਿਹਾ ਕਿ ਹਮਲਾਵਰਾਂ ਨੂੰ ਹਿਰਾਸਤ 'ਚ ਲੈ ਲਿਆ ਹੈ, ਪਰ ਕੇਸ ਦਰਜ ਕਰਨ ਬਾਰੇ ਉਨ੍ਹਾਂ ਕੁਝ ਨਹੀਂ ਕਿਹਾ।

## ਰਹਿਣ ਲਈ ਸਭ ਤੋਂ ਬਿਹਤਰ ਵਿਆਨਾ, 118ਵੇਂ ਨੰਬਰ ਉੱਤੇ ਹੈ ਦਿੱਲੀ

ਨਵੀਂ ਦਿੱਲੀ, 5 ਸਤੰਬਰ (ਪੋਸਟ ਬਿਊਰੋ)- ਹਵਾ ਪ੍ਰਦੂਸ਼ਣ ਅਤੇ ਅਪਰਾਧੀ ਗਤੀਵਿਧੀਆਂ ਕਾਰਨ ਨਵੀਂ ਦਿੱਲੀ ਦੁਨੀਆ ਵਿੱਚ ਰਹਿਣ ਪੱਖੋਂ ਚੰਗੇ ਸ਼ਹਿਰਾਂ ਦੀ ਸੂਚੀ ਵਿੱਚ ਛੇ ਸਥਾਨ ਤਿਲਕ ਕੇ 118ਵੇਂ ਨੰਬਰ 'ਤੇ ਆ ਗਈ।

ਇਕਾਕੋਮਿਸਟ ਇੰਟੈਲੀਜੈਂਸ ਯੂਨਿਟ (ਈ ਐੱਸ ਯੂ) ਦੇ ਸਰਵੇਖਣ ਵਿੱਚ ਅਜਿਹਾ ਕਿਹਾ ਗਿਆ ਹੈ। ਪੂਰੇ ਏਸ਼ੀਆ ਖੇਤਰ ਵਿੱਚ ਨਵੀਂ ਦਿੱਲੀ ਦੀ ਸਥਿਤੀ ਸਭ ਤੋਂ ਵੱਧ ਸਥਾਨ ਦੀ ਗਿਰਾਵਟ ਆਈ ਹੈ। ਮੁੰਬਈ ਦੋ ਸਥਾਨ ਡਿੱਗ ਕੇ 119ਵੇਂ ਸਥਾਨ 'ਤੇ ਆ ਗਈ ਹੈ। ਇਸ ਸੂਚੀ ਵਿੱਚ ਆਸਟਰੀਆ ਦੀ ਰਾਜਧਾਨੀ ਵਿਆਨਾ ਲਗਾਤਾਰ ਦੂਜੀ ਵਾਰ ਪਹਿਲੇ ਸਥਾਨ 'ਤੇ ਰਹੀ ਹੈ। ਈ ਆਈ ਯੂ ਨੇ ਪੱਤਰਕਾਰਾਂ ਦੀ ਆਜ਼ਾਦੀ ਨਾਲ ਜੁੜੇ ਸੂਚਕ ਅੰਕ ਵਿੱਚ ਭਾਰਤ ਦੇ ਹੇਠਲੇ ਸਥਾਨ 'ਤੇ ਰਹਿਣ ਦਾ ਵੀ ਇਸ ਰਿਪੋਰਟ ਵਿੱਚ ਹਵਾਲਾ ਦਿੱਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਪੱਤਰਕਾਰਾਂ ਵਿਰੁੱਧ ਦੁਰ-ਵਿਹਾਰ ਕੇਸ ਵਧੇ ਹਨ। ਅਧਿਐਨ ਵਿੱਚ ਕਿਹਾ ਗਿਆ ਹੈ ਕਿ ਦੁਨੀਆ ਵਿੱਚ ਰਹਿਣ ਲਾਇਕ ਸ਼ਹਿਰਾਂ ਵਿੱਚ ਕੁੱਲ ਮਿਲਾ ਕੇ ਏਸ਼ੀਆਈ ਦੇਸ਼ਾਂ ਦਾ ਪ੍ਰਦਰਸ਼ਨ ਔਸਤ ਤੋਂ ਹੇਠਾਂ ਹੈ। ਪਾਪੂਆ ਨਿਊ ਗਿੰਨੀ ਦਾ ਪੋਰਟ ਮੋਰਸਬੀ 135ਵੇਂ, ਪਾਕਿਸਤਾਨ ਦਾ ਕਰਾਚੀ 136ਵੇਂ ਅਤੇ ਬੰਗਲਾ ਦੇਸ਼ ਦਾ ਢਾਕਾ 138ਵੇਂ ਸਥਾਨ ਦੇ ਨਾਲ ਰਹਿਣ ਦੇ ਲਿਹਾਜ ਨਾਲ ਸਭ ਤੋਂ ਘੱਟ ਢੁਕਵੇਂ 10 ਸ਼ਹਿਰਾਂ ਵਿੱਚ ਸ਼ਾਮਲ ਹੈ। ਈ ਆਈ ਯੂ ਨੇ ਕਿਹਾ ਕਿ ਸੰਸਕ੍ਰਿਤਕ ਅੰਕ ਦੇ ਖੇਤਰ ਵਿੱਚ ਗਿਰਾਵਟ 'ਚ ਮੁੰਬਈ ਦੋ ਸਥਾਨ ਫਿਸਲ ਗਿਆ।

## ਮਹਿਬੂਬਾ ਮੁਫ਼ਤੀ ਦੀ ਬੇਟੀ ਨੂੰ ਮਾਂ ਨੂੰ ਮਿਲਣ ਲਈ ਸ੍ਰੀਨਗਰ ਜਾਣ ਦੀ ਇਜਾਜ਼ਤ ਮਿਲੀ

ਨਵੀਂ ਦਿੱਲੀ, 5 ਸਤੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਦੀ ਬੇਟੀ ਨੂੰ ਸ੍ਰੀਨਗਰ ਜਾਣ ਦੀ ਇਜਾਜ਼ਤ ਮਿਲ ਗਈ ਹੈ। ਮਹਿਬੂਬਾ ਦੀ ਬੇਟੀ ਇਲਤਿਜਾ ਮੁਫ਼ਤੀ ਨੇ ਆਪਣੀ ਮਾਂ ਨਾਲ ਮੁਲਾਕਾਤ ਲਈ ਸੁਪਰੀਮ ਕੋਰਟ 'ਚ ਪਟੀਸ਼ਨ ਦਾਖ਼ਲ ਕਰਦੇ ਹੋਏ ਸ੍ਰੀਨਗਰ ਜਾਣ ਦੀ ਇਜਾਜ਼ਤ ਮੰਗੀ ਸੀ।



ਅੱਜ ਵੀਰਵਾਰ ਨੂੰ ਪਟੀਸ਼ਨ ਉਤੇ ਸੁਣਵਾਈ ਕਰਨ ਦੇ ਬਾਅਦ ਸੁਪਰੀਮ ਕੋਰਟ ਨੇ ਇਲਤਿਜਾ ਨੂੰ ਸ੍ਰੀਨਗਰ ਜਾ ਕੇ ਆਪਣੀ ਮਾਂ ਮਹਿਬੂਬਾ ਮੁਫ਼ਤੀ ਨੂੰ ਮਿਲਣ ਦੀ ਇਜਾਜ਼ਤ ਦੇ ਦਿੱਤੀ ਹੈ। ਕੋਰਟ ਨੇ ਕਿਹਾ ਇਲਤਿਜਾ ਆਪਣੀ ਮਾਂ ਨੂੰ ਮਿਲ ਸਕਦੀ ਹੈ, ਉਨ੍ਹਾਂ ਨੂੰ ਪੂਰੀ ਸੁਰੱਖਿਆ ਦਿੱਤੀ ਜਾਵੇਗੀ। ਵਰਨਣ ਯੋਗ ਹੈ ਕਿ ਜੰਮੂ-ਕਸ਼ਮੀਰ ਵਿੱਚ ਧਾਰਾ 370 ਹਟਾਉਣ ਪਿੱਛੋਂ ਮਹਿਬੂਬਾ ਮੁਫਤੀ ਨਜ਼ਰਬੰਦ ਹੈ। ਸੁਣਵਾਈ ਵੇਲੇ ਚੀਫ਼ ਜਸਟਿਸ ਰੰਜਨ ਗੋਗੋਈ ਨੇ ਪਟੀਸ਼ਨਰ ਨੂੰ ਸ੍ਰੀਨਗਰ ਜਾਣ ਦੀ ਤਰੀਕ ਅਧਿਕਾਰੀਆਂ ਨੂੰ ਦੱਸਣ ਲਈ ਕਿਹਾ, ਜਿਸ ਦਿਨ ਉਹ ਆਪਣੀ ਮਾਂ ਨੂੰ ਮਿਲਣਾ ਚਾਹੁੰਦੀ ਹੈ।

ਧਾਰਾ 370 ਖ਼ਤਮ ਕਰਨ ਤੋਂ ਬਾਅਦ ਲਾਅ ਐਂਡ ਆਰਡਰ ਦੀ ਸਥਿਤੀ ਬਣਾਈ ਰੱਖਣ ਲਈ ਸਰਕਾਰ ਨੇ ਸਖ਼ਤ ਕਦਮ ਚੁੱਕੇ ਸਨ। ਇਸ ਦੌਰਾਨ ਕਸ਼ਮੀਰ ਘਾਟੀ ਦੇ ਉਨ੍ਹਾਂ ਸਾਰੇ ਆਗੂਆਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਹੈ ਜੋ ਸੂਬੇ ਦਾ ਮਾਹੌਲ ਵਿਗੜ ਸਕਦੇ ਹਨ। ਇਸ ਕੜੀ 'ਚ ਮਹਿਬੂਬਾ ਨੂੰ ਵੀ ਨਜ਼ਰਬੰਦ ਕੀਤਾ ਗਿਆ ਹੈ।

## ਲੱਦਾਖ ਵਿੱਚ 325 ਕਰੋੜ ਨਾਲ ਪਹਿਲਾ ਮੈਡੀਕਲ ਕਾਲਜ ਬਣੇਗਾ

ਨਵੀਂ ਦਿੱਲੀ, 5 ਸਤੰਬਰ (ਪੋਸਟ ਬਿਊਰੋ)- ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਲੱਦਾਖ ਵਿੱਚ ਪਹਿਲਾ ਮੈਡੀਕਲ ਕਾਲਜ ਸ਼ੁਰੂ ਕਰਨ ਦੀ ਤਜਵੀਜ਼ ਬਣਾਈ ਹੈ। ਇਸ ਬਾਰੇ ਲੱਦਾਖ ਪ੍ਰਸ਼ਾਸਨ ਤੋਂ ਹਰੀ ਝੰਡੀ ਮਿਲਣ ਦੇ ਬਾਅਦ ਸਿਹਤ ਮੰਤਰਾਲਾ ਇਸ ਉੱਤੇ ਕੰਮ ਸ਼ੁਰੂ ਕਰ ਦੇਵੇਗਾ।

ਮੰਤਰਾਲੇ ਤੋਂ ਮਿਲੀ ਜਾਣਕਾਰੀ ਮੁਤਾਬਕ 325 ਕਰੋੜ ਦੀ ਲਾਗਤ ਨਾਲ ਸਰਕਾਰ ਕੇਂਦਰ ਮੈਡੀਕਲ ਕਾਲਜ ਸ਼ੁਰੂ ਕਰੇਗੀ। ਇਸ ਉਤੇ ਨੱਬੇ ਫੀਸਦੀ ਰਕਮ ਕੇਂਦਰ ਸਰਕਾਰ ਦੇਵੇਗੀ। ਮੈਡੀਕਲ ਕਾਲਜ ਵਿੱਚ ਸਿਰਫ ਲੱਦਾਖ ਦੇ ਹੀ 85 ਵਿਦਿਆਰਥੀਆਂ ਨੂੰ ਦਾਖਲਾ ਮਿਲੇਗਾ। ਇਥੋਂ ਦੇ ਵਿਦਿਆਰਥੀਆਂ ਦੇ ਕੋਟੇ ਦੀਆਂ ਸੀਟਾਂ ਖਾਲੀ ਰਹਿਣ 'ਤੇ ਦੂਸਰੇ ਰਾਜਾਂ ਦੇ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਏਗਾ। ਲੱਦਾਖ ਦੇ ਸਰਕਾਰੀ ਹਸਪਤਾਲ ਵਿੱਚ ਫਿਲਹਾਲ ਬਿਸਤਰਿਆਂ ਦੀ ਗਿਣਤੀ 270 ਹੈ। ਮੈਡੀਕਲ ਕਾਲਜ ਸ਼ੁਰੂ ਕਰਨ ਲਈ ਹਸਪਤਾਲ ਵਿੱਚ ਘੱਟ ਤੋਂ ਘੱਟ 300 ਬਿਸਤਰੇ ਚਾਹੀਦੇ ਹਨ।

ਇਸ ਦੌਰਾਨ ਕਸ਼ਮੀਰ ਘਾਟੀ ਦੇ ਵਿਸ਼ੇਸ਼ ਹਾਲਾਤ ਕਾਰਨ ਸ੍ਰੀਨਗਰ ਵਿੱਚ ਚੱਲਦੇ ਲਗਭਗ ਸਾਰੇ ਨਿੱਜੀ ਸਕੂਲਾਂ ਨੇ ਵਿਦਿਆਰਥੀਆਂ ਨੂੰ ਅਸਾਈਨਮੈਂਟ ਲੈਣ ਤੇ ਵੀਡੀਓ ਦੇ ਜ਼ਰੀਏ ਪੜ੍ਹਾਈ ਕਰਨ ਨੂੰ ਕਿਹਾ ਹੈ। ਬਹੁਤ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਕੋਲ ਇਹ ਸਹੂਲਤ ਨਹੀਂ ਹੈ। 10ਵੀਂ, 11ਵੀਂ ਅਤੇ 12ਵੀਂ ਦੇ ਬੱਚੇ ਕਸ਼ਮੀਰ ਬੋਰਡ ਦਾ ਫਾਰਮ ਭਰਨ ਲਈ ਸਕੂਲ ਜਾ ਰਹੇ ਹਨ। ਨਿੱਜੀ ਸਕੂਲਾਂ ਨੇ ਅਖਬਾਰਾਂ ਵਿੱਚ ਇਸ਼ਤਿਹਾਰਾਂ ਦੇ ਜ਼ਰੀਏ ਸਕੂਲ ਤੋਂ ਅਸਾਈਨਮੈਂਟ ਲੈਣ ਅਤੇ ਵੀਡੀਓ ਦੇ ਜ਼ਰੀਏ ਪੜ੍ਹਾਈ ਕਰਨ ਦੇ ਹੁਕਮ ਦਿੱਤੇ ਹਨ।

## ਚਿਨਮਯਾਨੰਦ ਤੋਂ ਪੀੜਤਾ ਤੇ ਉਸ ਦੇ ਭਰਾ ਦਾ ਦੂਸਰੇ ਕਾਲਜ ਵਿੱਚ ਦਾਖਲਾ ਕਰਨ ਦਾ ਹੁਕਮ

ਨਵੀਂ ਦਿੱਲੀ, 5 ਸਤੰਬਰ (ਪੋਸਟ ਬਿਊਰੋ)- ਭਾਜਪਾ ਨੇਤਾ ਚਿਨਮਯਾਨੰਦ ਤੇ ਉਸ ਦੇ ਸੰਸਥਾ ਉੱਤੇ ਸੈਕਸ ਸ਼ੋਸ਼ਣ ਦੇ ਦੋਸ਼ ਲਾਉਣ ਵਾਲੀ ਐੱਲ ਐੱਲ ਐੱਮ ਦੀ ਵਿਦਿਆਰਥਣ ਅਤੇ ਉਸ ਦਾ ਭਰਾ ਹੁਣ ਅੱਗੇ ਲਈ ਐੱਸ ਐੱਸ ਲਾਅ ਕਾਲਜ ਵਿੱਚ ਨਹੀਂ ਪੜ੍ਹਨਗੇ। ਸੁਪਰੀਮ ਕੋਰਟ ਨੇ ਦੋਵਾਂ ਨੂੰ ਬਰੇਲੀ ਦੇ ਦੂਸਰੇ ਕਾਲਜਾਂ ਵਿੱਚ ਬਦਲਣ ਦਾ ਹੁਕਮ ਦਿੱਤਾ ਹੈ।

ਵਿਸ਼ੇਸ਼ ਹਾਲਾਤਾਂ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਨੇ ਬਾਰ ਕੌਂਸਲ ਆਫ ਇੰਡੀਆ ਨੂੰ ਨਵੇਂ ਕਾਲਜ ਵਿੱਚ ਦੋਵਾਂ ਦੇ ਦਾਖਲੇ ਲਈ ਮਨਜ਼ੂਰ ਸੀਟ ਵਧਾਉਣ ਦੀ ਮੰਗ ਕੀਤੀ ਹੈ। ਕੋਰਟ ਨੇ ਕਿਹਾ ਕਿ ਇਸ ਦੇ ਬਾਅਦ ਸੁਰੱਖਿਆ ਸਮੇਤ ਜੋ ਵੀ ਹੁਕਮ ਲੈਣਾ ਹੋਵੇ ਤਾਂ ਹਾਈ ਕੋਰਟ ਤੋਂ ਲੈ ਲਿਆ ਜਾਏਗਾ। ਇਹ ਹੁਕਮ ਜਸਟਿਸ ਆਰ ਭਾਨੂਮਤੀ ਅਤੇ ਜਸਟਿਸ ਏ ਐੱਸ ਬੋਪੱਨਾ ਦੀ ਬੈਂਚ ਨੇ ਜਾਰੀ ਕੀਤੇ ਹਨ। ਇਸ ਤੋਂ ਪਹਿਲਾਂ ਉਤਰ ਪ੍ਰਦੇਸ਼ ਸਰਕਾਰ ਨੇ ਕੋਰਟ ਨੂੰ ਦੱਸਿਆ ਕਿ ਵਿਦਿਆਰਥਣ ਨੂੰ ਐੱਲ ਐੱਲ ਐੱਮ ਦੀ ਅਗਲੀ ਪੜ੍ਹਾਈ ਜਾਰੀ ਰੱਖਣ ਲਈ ਬਰੇਲੀ ਦੇ ਜੋਤੀਬਾ ਫੂਲੇ ਰੁਹੇਲਖੰਡ ਯੂਨੀਵਰਸਿਟੀ ਵਿੱਚ ਟਰਾਂਸਫਰ ਕੀਤਾ ਜਾ ਸਕਦਾ ਹੈ। ਇਸੇ ਯੂਨੀਵਰਸਿਟੀ ਨਾਲ ਐੱਸ ਐੱਸ ਲਾਅ ਕਾਲਜ ਵੀ ਸੰਬੰਧਤ ਹੈ। ਸਰਕਾਰ ਨੇ ਇਹ ਵੀ ਦੱਸਿਆ ਕਿ ਵਿਦਿਆਰਥਣ ਉਸੇ ਯੂਨੀਵਰਸਿਟੀ ਦੇ ਹੋਸਟਲ ਵਿੱਚ ਰਹਿ ਸਕਦੀ ਹੈ। ਇਸ ਦੇ ਬਿਨਾ ਵਿਦਿਆਰਥਣ ਦੇ ਭਰਾ, ਜੋ ਐੱਲ ਐੱਲ ਬੀ ਪਹਿਲੇ ਸਾਲ ਦਾ ਵਿਦਿਆਰਥੀ ਹੈ, ਨੂੰ ਸ੍ਰੀ ਜੀ ਵੋਕੇਸ਼ਨਲ ਸਟੱਡੀਜ਼ ਬਰੇਲੀ ਵਿੱਚ ਟਰਾਂਸਫਰ ਕੀਤਾ ਜਾ ਸਕਦਾ ਹੈ। ਸੂਬਾ ਸਰਕਾਰ ਨੇ ਇਹ ਵੀ ਦੱਸਿਆ ਕਿ ਵਿਦਿਆਰਥਣ ਅਤੇ ਉਸ ਦੇ ਭਰਾ ਨੇ ਜੋ ਫੀਸ ਐੱਸ ਐੱਲ ਲਾਅ ਕਾਲਜ ਵਿੱਚ ਦਿੱਤੀ ਹੈ, ਉਹੀ ਦੂਸਰੇ ਕਾਲਜ ਵਿੱਚ ਚਲੀ ਜਾਏਗੀ। ਇੱਕ ਦਿੱਕਤ ਹੈ ਕਿ ਦੋਵਾਂ ਹੀ ਕਾਲਜਾਂ ਵਿੱਚ ਦਾਖਲੇ ਹੋ ਚੁੱਕੇ ਹਨ ਅਤੇ ਮਨਜ਼ੂਰ ਸੀਟਾਂ ਭਰ ਗਈਆਂ ਹਨ। ਅਜਿਹੇ ਵਿੱਚ ਕੋਰਟ ਬਾਰ ਕੌਂਸਲ ਆਫ ਇੰਡੀਆ ਨੂੰ ਹੁਕਮ ਦਿਤਾ ਜਾਵੇ ਕਿ ਉਹ ਵਿਸ਼ੇਸ਼ ਹਾਲਾਤਾਂ ਨੂੰ ਦੇਖ ਕੇ ਦੋਵਾਂ ਦੇ ਦਾਖਲੇ ਦੇ ਹੁਕਮ ਦੇਵੇ। ਕੋਰਟ ਨੇ ਬਾਰ ਕੌਂਸਲ ਆਫ ਇੰਡੀਆ ਤੋਂ ਦੋਵਾਂ ਦੇ ਦਾਖਲੇ ਲਈ ਸੀਟ ਵਧਾਉਣ ਦੀ ਕਿਹਾ ਹੈ। ਨਾਲ ਵਿਦਿਆਰਥਣ ਅਤੇ ਉਸ ਦੇ ਭਰਾ ਨੂੰ ਦਾਖਲੇ ਦੀ ਅਰਜ਼ੀ ਦੇਣ ਲਈ ਚਾਰ ਹਫਤੇ ਦਾ ਸਮਾਂ ਦਿੱਤਾ ਹੈ। ਕੋਰਟ ਨੇ ਐੱਸ ਐੱਸ ਲਾਅ ਕਾਲਜ ਨੂੰ ਹੁਕਮ ਦਿੱਤਾ ਹੈ ਕਿ ਦੋਵਾਂ ਦੇ ਜ਼ਰੂਰੀ ਦਸਤਾਵੇਜ਼ ਜਾਰੀ ਕਰੇ ਤਾਂ ਕਿ ਦੋਵੇਂ ਬਗੈਰ ਦੇਰੀ ਦੇ ਪੜ੍ਹਾਈ ਜਾਰੀ ਰੱਖ ਸਕਣ। ਕੋਰਟ ਨੇ ਕਿਹਾ ਹੈ ਕਿ ਵਿਦਿਆਰਥਣ ਅਤੇ ਉਸ ਦੇ ਮਾਤਾ-ਪਿਤਾ ਵਾਪਸ ਘਰ ਜਾ ਸਕਦੇ ਹਨ ਅਤੇ ਦਿੱਲੀ ਪੁਲਸ ਉਨ੍ਹਾਂ ਨੂੰ ਸ਼ਾਹਜਹਾਂਪੁਰ ਤੱਕ ਲੈ ਜਾਏਗੀ।

## ਬ੍ਰਿਟੇਨ ਤੋਂ ਗ੍ਰੈਜੂਏਟ ਭਾਰਤੀ ਲੋਕ ਔਸਤ ਤੋਂ ਵੱਧ ਕਮਾਉਂਦੇ ਨੇ

ਨਵੀਂ ਦਿੱਲੀ, 5 ਸਤੰਬਰ (ਪੋਸਟ ਬਿਊਰੋ)- ਬ੍ਰਿਟੇਨ ਦੀਆਂ ਯੂਨੀਵਰਸਿਟੀਆਂ ਤੋਂ ਗ੍ਰੈਜੂਏਟ ਬਨਨ ਵਾਲੇ ਘੱਟੋ ਘੱਟ 51 ਫੀਸਦੀ ਭਾਰਤੀ ਲੋਕ ਔਸਤ ਤੋਂ ਵੱਧ ਕਮਾਉਂਦੇ ਹਨ। ਇਸ ਵਿੱਚ ਕਰੀਬ 82 ਫੀਸਦੀ ਆਪਣੇ ਪੇਸ਼ੇ ਤੋਂ ਸੰਤੁਸ਼ਟ ਹਨ। ਇਹ ਰਿਪੋਰਟ ਇੰਗਲੈਂਡ, ਸਕਾਟਲੈਂਡ, ਵੇਲਸ ਤੇ ਉਤਰੀ ਆਇਰਲੈਂਡ ਦੀਆਂ 130 ਤੋਂ ਜ਼ਿਆਦਾ ਯੂਨੀਵਰਸਿਟੀਆਂ ਦੀ ਇਕ ਸਾਂਝੀ ਬਾਡੀ 'ਯੂਨੀਵਰਸਿਟੀਜ਼ ਯੂ ਕੇ ਇੰਟਰਨੈਸ਼ਨਲ' ਵੱਲੋਂ ਜਾਰੀ ਕੀਤੀ ਗਈ ਹੈ।

ਕੱਲ੍ਹ ਜਾਰੀ ਇੰਡੀਅਨ ਗ੍ਰੈਜੂਏਟ ਆਊਟਕਮ ਰਿਪੋਰਟ 2019 ਵਿੱਚ 'ਯੂਨੀਵਰਸਿਟੀਜ਼ ਯੂ ਕੇ ਇੰਟਰਨੈਸ਼ਨਲ' ਦੇ ਨਿਰਦੇਸ਼ਕ ਵਿਵਿਅਨ ਸਟਰਨ ਨੇ ਕਿਹਾ ਕਿ ਬ੍ਰਿਟੇਨ ਦੇ ਗ੍ਰੈਜੂਏਟ ਆਪਣੇ ਰੁਜ਼ਗਾਰ ਤੋਂ ਜ਼ਿਆਦਾ ਸੰਤੁਸ਼ਟ ਹਨ, ਕਿਉਂਕਿ ਉਨ੍ਹਾਂ ਦੇ ਮੁਤਾਬਕ ਨੌਕਰੀਆਂ ਮਿਲਣ ਦੇ ਮੌਕੇ ਵੱਧ ਹੈ। ਉਨ੍ਹਾਂ ਦੱਸਿਆ ਕਿ ਭਾਰਤ ਵਿੱਚ ਮੈਨੇਜਮੈਂਟ ਦੇ ਖੇਤਰ 'ਚ 23 ਫੀਸਦੀ ਬ੍ਰਿਟੇਨ ਦੇ ਗ੍ਰੈਜੂਏਟ ਕੰਮ ਕਰ ਰਹੇ ਹਨ। ਇਹ ਦੁਨੀਆ ਦੇ ਔਸਤ ਤੋਂ ਵੀ ਵੱਧ ਹੈ। ਰਿਪੋਰਟ ਮੁਤਾਬਕ ਬ੍ਰਿਟੇਨ ਤੋਂ ਗ੍ਰੈਜੂਏਸ਼ਨ ਕਰਨ ਵਾਲੇ 51 ਫੀਸਦੀ ਭਾਰਤੀਆਂ ਦਾ ਕਹਿਣਾ ਹੈ ਕਿ ਉਹ ਭਾਰਤ 'ਚ ਆਪਣੇ ਵਰਗਿਆਂ ਦੇ ਮੁਕਾਬਲੇ ਔਸਤ ਤੋਂ ਜ਼ਿਆਦਾ ਕਮਾਉਂਦੇ ਹਨ ਅਤੇ ਕੰਮ ਤੋਂ ਸੰਤੁਸ਼ਟ ਹਨ।


ੴ

ਧੰਨ ਧੰਨ ਰਾਜਾ ਸਾਹਿਬ ਜੀ

ਪਿੰਡ ਰਾਜਾ ਸਾਹਿਬ ਜੀ ਮਜ਼ਾਰੇ ਅਤੇ ਸਮੂਹ ਇਲਾਕਾ ਨਿਵਾਸੀਆਂ ਵਲੋਂ ਬੇਨਤੀ ਹੈ ਕਿ ਧੰਨ-ਧੰਨ ਰਾਜਾ ਸਾਹਿਬ ਜੀ ਦੀ ਯਾਦ ਵਿੱਚ ਗੁਰਦੁਆਰਾ ਸ੍ਰੀ ਉਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਵਿਖੇ ਸ੍ਰੀ ਆਖੰਡਪਾਠ ਸਾਹਿਬ ਕਰਵਾਏ ਜਾ ਰਹੇ ਹਨ।

❊❊❊ ਪ੍ਰੋਗਰਾਮ ❊❊❊

ਅਰੰਭ ਸ੍ਰੀ ਅਖੰਡਪਾਠ ਸਾਹਿਬ 13 ਸਤੰਬਰ, ਸਵੇਰੇ 10 ਵਜੇ ਹਾਲ ਨੂੰ 307
ਭੋਗ ਸ੍ਰੀ ਅਖੰਡਪਾਠ ਸਾਹਿਬ 15 ਸਤੰਬਰ 2019 ਨੂੰ ਸਵੇਰੇ 9 ਤੋਂ 10 ਵਜੇ

ਭੋਗ ਉਪਰੰਤ ਮੇਨ ਹਾਲ ਵਿੱਚ ਰਾਗੀ ਅਤੇ ਢਾਡੀ ਜੱਥੇ ਰਸਭੀਨਾ ਕੀਰਤਨ ਅਤੇ ਵਾਰਾਂ ਨਾਲ ਸੰਗਤਾਂ ਨਿਹਾਲ ਕਰਨਗੇ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਆਪ ਸਭ ਇਲਾਕਾ ਨਿਵਾਸੀਆਂ ਨੂੰ ਹੁੰਮ ਹੁਮਾਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਹਰਦੇਵ ਸਿੰਘ ਸ਼ੇਰਗਿੱਲ: 647-710-0735
ਕਸ਼ਮੀਰ ਸਿੰਘ ਘੁੰਮਣ: 416-319-0401
ਜੋਗਾ ਸਿੰਘ ਭੋਗਲ: 647-927-4234

ਗੁਰਦੁਆਰਾ ਸ੍ਰੀ ਉਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ
7080 Dixie Rd, Mississauga, ON L5S187

# ਪਾਕਿ ਦਾ ਗਵਰਨਰ ਅਜੇ ਵੀ ਕਹਿੰਦੈ: ਸਿੱਖ ਕੁੜੀ ਨੇ ਮਰਜ਼ੀ ਨਾਲ ਨਿਕਾਹ ਕੀਤਾ ਸੀ

ਲਾਹੌਰ, 5 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਨਨਕਾਣਾ ਸਾਹਿਬ ਵਿੱਚ ਸਿੱਖ ਗ੍ਰੰਥੀ ਦੀ ਨਾਬਾਲਗ ਲੜਕੀ ਨੂੰ ਅਗਵਾ ਕਰਕੇ ਜ਼ਬਰਦਸਤੀ ਧਰਮ ਤਬਦੀਲੀ ਕਰਵਾ ਕੇ ਨਿਕਾਹ ਦੇ ਮਾਮਲੇ 'ਚ ਨਵਾਂ ਮੋੜ ਆ ਗਿਆ ਹੈ।
ਇਸ ਸੰਬੰਧ ਵਿੱਚ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਨੇ ਦਾਅਵਾ ਕੀਤਾ ਹੈ ਕਿ ਲੜਕੀ ਨੇ ਮਰਜ਼ੀ ਨਾਲ ਮੁਸਲਮਾਨ ਲੜਕੇ ਨਾਲ ਨਿਕਾਹ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਦੋਵੇਂ ਪਰਵਾਰਾਂ ਵਿਚਕਾਰ ਇਹ ਮਾਮਲਾ ਸ਼ਾਂਤੀ ਪੂਰਨ ਤਰੀਕੇ ਨਾਲ ਹੱਲ ਕਰ ਲਿਆ ਗਿਆ ਹੈ। ਚੌਧਰੀ ਸਰਵਰ ਨੇ ਦੋਵਾਂ ਪਰਵਾਰਾਂ ਦੇ ਮੁਖੀਆਂ ਨੂੰ ਗਵਰਨਰ ਹਾਊਸ 'ਚ ਬੁਲਾਇਆ ਸੀ। ਉਨ੍ਹਾਂ ਇਕ ਵੀਡੀਓ ਟਵੀਟ ਕੀਤਾ, ਜਿਸ 'ਚ ਜਗਜੀਤ ਕੌਰ ਦੇ ਪਿਤਾ ਤੇ ਭਰਾ ਤੇ ਮੁਹੰਮਦ ਹਸਨ ਦੇ ਪਿਤਾ ਵੀ ਉਨ੍ਹਾਂ ਨਾਲ ਨਜ਼ਰ ਆ ਰਹੇ ਹਨ।



ਵੀਡੀਓ 'ਚ ਲੜਕੇ ਦਾ ਪਿਤਾ ਕਹਿ ਰਿਹਾ ਹੈ ਕਿ ਜੇ ਲੜਕੀ ਆਪਣੇ ਮਾਤਾ ਪਿਤਾ ਦੇ ਘਰ ਜਾਣਾ ਚਾਹੁੰਦੀ ਹੈ ਤਾਂ ਉਸ ਨੂੰ ਕੋਈ ਇਤਰਾਜ਼ ਨਹੀਂ ਹੈ। ਜਗਜੀਤ ਕੌਰ ਦੇ ਪਿਤਾ ਤੇ ਭਰਾ ਨੇ ਕੁਝ ਨਹੀਂ ਕਿਹਾ। ਸਰਵਰ ਨੇ ਇਹ ਵੀ ਦਾਅਵਾ ਕੀਤਾ ਕਿ ਜਗਜੀਤ ਕੌਰ ਨੇ ਸ਼ਨਿਚਰਵਾਰ ਨੂੰ ਅਦਾਲਤ 'ਚ ਕਿਹਾ ਸੀ ਕਿ ਉਹ ਮੁਹੰਮਦ ਹਸਨ ਨਾਲ ਆਪਣੀ ਮਰਜ਼ੀ ਨਾਲ ਗਈ ਸੀ। ਉਸ ਨੇ ਆਪਣੀ ਮਰਜ਼ੀ ਨਾਲ ਇਸਲਾਮ ਧਰਮ ਕਬੂਲ ਕੀਤਾ ਹੈ ਤੇ ਹਸਨ ਨਾਲ ਨਿਕਾਹ ਕੀਤਾ ਹੈ। ਸਰਵਰ ਮੁਤਾਬਕ ਜਗਜੀਤ ਕੌਰ ਨੇ ਆਪਣੇ ਮਾਤਾ ਪਿਤਾ ਨਾਲ ਜਾਣ ਤੋਂ ਮਨ੍ਹਾ ਕਰ ਦਿੱਤਾ, ਇਸ ਤੋਂ ਬਾਅਦ ਅਦਾਲਤ ਨੇ ਉਸ ਨੂੰ ਸ਼ੈਲਟਰ ਹੋਮ 'ਚ ਭੇਜਣ ਦਾ ਆਦੇਸ਼ ਦਿੱਤਾ। ਜਗਜੀਤ ਕੌਰ ਨੂੰ ਅਗਵਾ ਕਰਕੇ ਜ਼ਬਰੀ ਧਰਮ ਪਰਿਵਰਤਨ ਕਰਾਉਣ ਪਿੱਛੋਂ ਮੁਹੰਮਦ ਹਸਨ ਨਾਲ ਨਿਕਾਹ ਦੀ ਖਬਰ ਤੋਂ ਬਾਅਦ ਵਿਵਾਦ ਪੈਦਾ ਹੋ ਗਿਆ ਸੀ। ਜਗਜੀਤ ਦੇ ਘਰ ਵਾਲਿਆਂ ਨੇ ਵੀਡੀਓ ਜਾਰੀ ਕਰਕੇ ਕਿਹਾ ਸੀ ਕਿ ਅਗਵਾ ਕਰਨ ਦੇ ਬਾਅਦ ਉਸ ਦਾ ਜ਼ਬਰੀ ਧਰਮ ਪਰਿਵਰਤਨ ਤੇ ਨਿਕਾਹ ਕਰਾਇਆ ਹੈ। ਭਾਰਤ ਨੇ ਵੀ ਇਸ ਘਟਨਾ 'ਤੇ ਵਿਰੁੱਧ ਪ੍ਰਗਟਾਇਆ ਸੀ। ਜਗਜੀਤ ਦੇ ਪਰਵਾਰ ਨੇ ਉਸ ਦੀ ਉਮਰ 18 ਸਾਲ ਦੱਸੀ ਹੈ, ਪਰ ਨੈਸ਼ਨਲ ਡਾਟਾਬੇਸ ਐਂਡ ਰਜਿਸਟਰੇਸ਼ਨ ਅਥਾਰਟੀ ਨੇ 19 ਸਾਲ ਦੱਸੀ ਹੈ। ਮਾਮਲੇ 'ਚ ਛੇ ਲੋਕਾਂ ਖਿਲਾਫ ਕੇਸ ਦਰਜ ਕੀਤਾ ਗਿਆ ਸੀ।

# ਪਾਕਿਸਤਾਨ ਵਿੱਚ ਪਹਿਲੀ ਵਾਰ ਹਿੰਦੂ ਕੁੜੀ ਪੁਲਸ ਅਫਸਰ ਬਣੀ

ਇਸਲਾਮਾਬਾਦ, 5 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਪਹਿਲੀ ਵਾਰ ਇੱਕ ਹਿੰਦੂ ਕੁੜੀ ਪੁਲਸ ਅਧਿਕਾਰੀ ਬਣੀ ਹੈ। ਬੀਤੇ ਦਿਨ ਸਥਾਨਕ ਮੀਡੀਆ ਵਿੱਚ ਆਈਆਂ ਖਬਰਾਂ ਮੁਤਾਬਕ ਪੁਸ਼ਪਾ ਕੋਹਲੀ ਨਾਮੀ ਹਿੰਦੂ ਕੁੜੀ ਨੂੰ ਸਿੰਧ ਪੁਲਸ ਵਿੱਚ ਏ ਐੱਸ ਆਈ ਵਜੋਂ ਸ਼ਾਮਲ ਕੀਤਾ ਗਿਆ ਹੈ।
ਇਸ ਸੰਬੰਧੀ ਖਬਰ ਨੂੰ ਸਭ ਤੋਂ ਪਹਿਲਾਂ ਮਨੁੱਖੀ ਅਧਿਕਾਰ ਵਰਕਰ ਕਪਿਲ ਦੇਵ ਨੇ ਆਪਣੇ ਟਵਿੱਟਰ ਹੈਂਡਲ 'ਤੇ ਸਾਂਝਾ ਕੀਤਾ। ਕਪਿਲ ਦੇਵ ਨੇ ਕਿਹਾ ਕਿ ਪੁਸ਼ਪਾ ਕੋਹਲੀ ਹਿੰਦੂ ਭਾਈਚਾਰੇ ਨਾਲ ਸੰਬੰਧਤ ਪਹਿਲੀ ਕੁੜੀ ਹੈ, ਜਿਸ ਨੇ ਸਿੰਧ ਲੋਕ ਸੇਵਾ ਕਮਿਸ਼ਨ ਅਧੀਨ ਦਿੱਤੀ ਪ੍ਰੀਖਿਆ ਵਿੱਚ ਸਫਲਤਾ ਹਾਸਲ ਕੀਤੀ। ਇਸ ਤੋਂ ਪਹਿਲਾਂ ਇਸੇ ਸਾਲ ਜਨਵਰੀ ਵਿੱਚ ਇੱਕ ਹੋਰ ਹਿੰਦੂ ਔਰਤ ਸੁਮਨ ਨੂੰ ਸਿਵਲ ਅਤੇ ਜੁਡੀਸ਼ਲ ਮੈਜਿਸਟਰੇਟ



ਬਣਾਇਆ ਗਿਆ ਸੀ। ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰੇ ਨਾਲ ਸੰਬੰਧਤ ਹਿੰਦੂ ਲੋਕਾਂ ਦੀ ਵੱਡੀ ਆਬਾਦੀ ਹੈ।
ਇਸ ਦੌਰਾਨ ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਇੱਕ ਹਿੰਦੂ ਕੁੜੀ ਨੂੰ ਅਗਵਾ ਕਰ ਕੇ ਉਸ ਦਾ ਧਰਮ ਤਬਦੀਲ ਕਰਨ ਦਾ ਕੇਸ ਸਾਹਮਣੇ ਆਇਆ ਹੈ। ਇੱਕ ਹਫਤੇ ਅੰਦਰ ਕਿਸੇ ਘੱਟ ਗਿਣਤੀ ਭਾਈਚਾਰੇ ਨਾਲ ਸੰਬੰਧਤ ਕੁੜੀ ਦਾ ਧਰਮ ਤਬਦੀਲ ਕਰਨ ਦਾ ਦੂਜਾ ਮਾਮਲਾ ਹੈ। ਇੱਕ ਗੈਰ ਲਾਭਕਾਰੀ ਸੰਗਠਨ ਆਲ ਪਾਕਿਸਤਾਨ ਹਿੰਦੂ ਪੰਚ-ਾਇਤ ਨੇ ਆਪਣੀ ਫੇਸਬੁਕ ਪੋਸਟ ਵਿੱਚ ਦਾਅਵਾ ਕੀਤਾ ਹੈ ਕਿ ਰੇਣੂਕਾ ਕੁਮਾਰੀ ਨੂੰ 29 ਅਗਸਤ ਨੂੰ ਅਗਵਾ ਕੀਤਾ ਗਿਆ ਸੀ। ਕੁਝ ਦਿਨ ਪਹਿਲਾਂ ਹੀ ਸਿੱਖ ਭਾਈਚਾਰੇ ਨਾਲ ਸੰਬੰਧਤ ਇੱਕ ਕੁੜੀ ਦਾ ਵੀ ਧਰਮ ਤਬਦੀਲ ਕੀਤਾ ਗਿਆ ਸੀ।

# ਇਮਰਾਨ ਨਾਲ ਇੱਕ ਕੁੜੀ ਦਾ ਟਿਕ ਟਾਕ ਵੀਡੀਓ ਵਾਇਰਲ ਹੋਣ ਪਿੱਛੋਂ ਸਿਆਸੀ ਹਲਚਲ ਵਧੀ

ਇਸਲਾਮਾਬਾਦ, 5 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿਚ ਅੱਜ-ਕਲ੍ਹ ਦੋ ਕੁੜੀਆਂ ਇੰਟਰਨੈੱਟ ਉੱਤੇ ਛਾਈਆਂ ਹੋਈਆਂ ਹਨ। ਟਿਕ ਟਾਕ 'ਤੇ ਪਾਕਿਸਤਾਨ ਦੀਆਂ ਵੱਡੀਆਂ ਹਸਤੀਆਂ ਨਾਲ ਵੀਡੀਓ ਬਣਾ ਕੇ ਹਰੀਮ ਸ਼ਾਹ ਅਤੇ ਸੁੰਦਲ ਖਟਕ ਨਾਮ ਦੀਆਂ ਦੋ ਕੁੜੀਆਂ ਸੁਰਖੀਆਂ ਵਿਚ ਹਨ। ਇਹ ਕੁੜੀਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਵਿਦੇਸ਼ ਮੰਤਰੀ ਤੱਕ ਸਭ ਨਾਲ ਟਿਕ ਟਾਕ ਵੀਡੀਓ ਪਾ ਚੁੱਕੀਆਂ ਹਨ। ਹਰੀਮ ਤੇ ਸੁੰਦਲ ਕਈ ਵਾਰ ਧੋਖੇ ਨਾਲ ਸਿਆਸਤਦਾਨਾਂ ਨਾਲ ਟਿਕ ਟਾਕ ਵੀਡੀਓ ਬਣਾ ਲੈਂਦੀਆਂ ਹਨ। ਇਨ੍ਹੀਂ ਦਿਨੀਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਉਨ੍ਹਾਂ ਦੀ ਟਿਕ ਟਾਕ ਵੀਡੀਓ ਅਤੇ ਤਸਵੀਰਾਂ ਵਾਇਰਲ ਹੋਈਆਂ ਪਈਆਂ ਹਨ।
ਆਮ ਲੋਕਾਂ ਨੂੰ ਹੈਰਾਨੀ ਹੁੰਦੀ ਹੈ ਕਿ ਜਿਹੜੇ ਸਿਆਸਤਦਾਨਾਂ ਨਾਲ ਮੁਲਾਕਾਤ ਕਰਨੀ ਮੁਸ਼ਕਲ ਹੁੰਦੀ ਹੈ ਉਨ੍ਹਾਂ ਦੇ ਨਾਲ ਇਹ ਦੋਵੇਂ ਏਨੀ ਸੌਖੀ ਟਿਕ ਟਾਕ ਵੀਡੀਓ ਬਣਾ ਰਹੀਆਂ ਹਨ। ਪਾਕਿਸਤਾਨੀ ਨਿਊਜ਼ ਚੈਨਲ ਜੀਓ ਨਾਲ ਗੱਲਬਾਤ ਵਿਚ ਹਰੀਮ ਨੇ ਕਿਹਾ ਕਿ ਉਨ੍ਹਾਂ ਨੇ ਟਿਕ ਟਾਕ ਵੀਡੀਓ ਮਜ਼ੇ ਲਈ ਬਣਾਉਣਾ ਸ਼ੁਰੂ ਕੀਤਾ ਸੀ। ਜਦੋਂ ਉਸ ਕੋਲੋਂ ਸਵਾਲ ਪੁੱਛਿਆ ਗਿਆ ਕਿ ਇੰਨੇ ਪ੍ਰਭਾਵਸ਼ਾਲੀ ਸਿਆਸਤਦਾਨਾਂ ਤੱਕ ਉਹ ਕਿਵੇਂ ਪਹੁੰਚ ਜਾਂਦੀਆਂ ਹਨ ਤਾਂ ਜਵਾਬ ਵਿਚ ਹਰੀਮ ਨੇ ਕਿਹਾ, "ਮੈਂ ਪਾਕਿ-ਸਤਾਨ ਦੀ ਰਾਜਨੀਤਕ ਪਾਰਟੀ ਤਹਿਰੀਕ-ਏ-ਇਨਸਾਫ ਦੀ ਬਹੁਤ



ਵੱਡੀ ਸਮਰਥਕ ਹਾਂ ਤੇ ਮੈਂ ਪਾਰਟੀ ਨਾਲ ਜੁੜੀ ਹੋਈ ਹਾਂ। ਇਸ ਲਈ ਮੈਨੂੰ ਪਾਰਟੀ ਦੇ ਨੇਤਾਵਾਂ ਨੂੰ ਮਿਲਣ ਦਾ ਮੌਕਾ ਮਿਲ ਜਾਂਦਾ ਹੈ। ਇਸ ਦੌਰਾਨ ਮੈਂ ਉਨ੍ਹਾਂ ਨਾਲ ਟਿਕਟਾਕ ਵੀਡੀਓ ਬਣਾ ਲੈਂਦੀ ਹਾਂ।" ਸੁੰਦਲ ਨੇ ਦੱਸਿਆ,"ਮੈਂ ਆਪਣਾ ਪਹਿਲਾ ਵੀਡੀਓ ਇਸ ਪਾਰਟੀ ਦੇ ਨੇਤਾ ਅਤੇ ਪੰਜਾਬ ਦੇ ਮੰਤਰੀ ਫੈਯਾਜ਼-ਉਲ-ਹਸਨ ਚੌਹਾਨ ਨਾਲ ਬਣਾਇਆ ਸੀ। ਮੈਨੂੰ ਇਸ ਦਾ ਬਹੁਤ ਵਧੀਆ ਜਵਾਬ ਮਿਲਿਆ। ਇਹ ਵੀਡੀਓ ਬਿਨਾਂ ਕਿਸੇ ਯੋਜਨਾ ਦੇ ਬਣਾਇਆ ਗਿਆ ਸੀ। ਅਸੀਂ ਉਨ੍ਹਾਂ ਨਾਲ ਇਕ ਗੰਭੀਰ ਮੁੱਦੇ 'ਤੇ ਮਿਲਣ ਗਈਆਂ ਸੀ। ਉਦੋਂ ਅਚਾਨਕ ਸਾਨੂੰ ਟਿਕ ਟਾਕ ਵੀਡੀਓ ਬਣਾਉਣ ਦਾ ਖਿਆਲ ਆਇਆ। ਹਮੇਸ਼ਾ ਐਟਮੀ ਹਮਲੇ ਦੀ ਧਮਕੀ ਦੇਣ ਵਾਲੇ ਪਾਕਿਸਤਾਨੀ ਰੇਲ ਮੰਤਰੀ ਸ਼ੇਖ ਰਸ਼ੀਦ ਨੂੰ ਵੀ ਇਨ੍ਹਾਂ ਨੇ ਧੋਖਾ ਦੇ ਕੇ ਵੀਡੀਓ ਬਣਾਇਆ ਸੀ।
ਸਿਰਫ ਸਿਆਸਤਦਾਨ ਨਹੀਂ, ਕ੍ਰਿਕਟਰ ਅਤੇ ਸੈਲੀਬ੍ਰਿਟੀਜ਼ ਤੱਕ ਉਨ੍ਹਾਂ ਦੀ ਪਹੁੰਚ ਹੈ। ਟਿਕ ਟਾਕ ਸੈਲੀਬ੍ਰਿਟੀ ਬਣ ਚੁੱਕੀ ਹਰੀਮ ਨੇ ਕਿਹਾ ਕਿ ਉਹ ਆਪਣੇ ਦੇਸ਼ ਦੇ ਸਾਰੇ ਪ੍ਰਭਾਵਸ਼ਾਲੀ ਨੇਤਾਵਾਂ ਨਾਲ ਟਿਕ ਟਾਕ ਵੀਡੀਓ ਬਣਾਉਣਾ ਚਾਹੁੰਦੀ ਹੈ। ਉਹ ਬਿਲਾਵਲ ਭੁੱਟੋ ਨਾਲ ਵੀ ਇਕ ਵੀਡੀਓ ਰਿਕਾਰਡ ਬਣਾਉਣਾ ਚਾਹੁੰਦੀ ਹੈ। ਵਿਰੋਧੀ ਧਿਰ ਨੇ ਇਨ੍ਹਾਂ ਤਸਵੀਰਾਂ ਦੇ ਸਾਹਮਣੇ ਆਉਣ ਦੇ ਬਾਅਦ ਇਮਰਾਨ ਤੇ ਹੋਰ ਨੇਤਾਵਾਂ ਨੂੰ ਨਿਸ਼ਾਨੇ 'ਤੇ ਲਿਆ ਹੈ। ਤਹਿਰੀਕੇ ਇਨਸਾਫ ਪਾਰਟੀ ਦੇ ਇਕ ਮੈਂਬਰ ਨੇ ਤਸਵੀਰਾਂ ਸ਼ੇਅਰ ਕਰਦਿਆਂ ਇਸ ਨੂੰ ਸ਼ਰਮਨਾਕ ਕਰਾਰ ਦਿੱਤਾ ਤਾਂ ਹਰੀਮ ਨੇ ਪਲਟ ਕੇ ਜਵਾਬ ਦਿੱਤਾ। ਉਸ ਨੇ ਲਿਖਿਆ, "ਜਿਹੜੇ ਖੁਦ ਭਟਕੇ ਹੋਏ ਹਨ, ਉਨ੍ਹਾਂ ਨੂੰ ਇਕ ਮਹਿਲਾ ਅਤੇ ਪੁਰਸ਼ ਵਿਚਾਲੇ ਰਿਸ਼ਤਾ ਗਲਤ ਨਜ਼ਰ ਆਉਂਦਾ ਹੈ। ਮੈਂ ਤਹਿਰੀਕੇ ਇਨਸਾਫ ਪਾਰਟੀ ਦੀ ਇਕ ਵਰਕਰ, ਮਾਡਲ ਅਤੇ ਵੀ-ਲਾਗਰ ਹਾਂ। ਇਨ੍ਹਾਂ ਤਸਵੀਰਾਂ ਵਿਚ ਮੇਰੇ ਪਿਤਾ ਜੀ ਵੀ ਹਨ। ਇਸ ਬਾਰੇ ਕਿਸੇ ਵੀ ਨੇਤਾ ਨੂੰ ਸ਼ਰਮਿੰਦਾ ਕਰਨ ਦੀ ਲੋੜ ਨਹੀਂ ਹੈ।

# ਵਲਾਦੀਮੀਰ ਪੂਤਿਨ ਨਾਲ ਮੋਦੀ ਦੀ ਮੀਟਿੰਗ ਪਿੱਛੋਂ 15 ਸਮਝੌਤਿਆਂ ’ਤੇ ਹਸਤਾਖਰ

ਵਲਾਦੀਵੋਸਤੋਕ, 5 ਸਤੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕੱਲ੍ਹ ਇਥੇ ਮੁਲਾਕਾਤ ਕੀਤੀ। ਇਸ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ 15 ਸਮਝੌਤਿਆਂ 'ਤੇ ਹਸਤਾਖਰ ਹੋਏ। ਇਨ੍ਹਾਂ ਵਿੱਚ ਰੱਖਿਆ, ਹਵਾ ਅਤੇ ਸਮੁੰਦਰੀ ਸੰਪਰਕ, ਊਰਜਾ, ਕੁਦਰਤੀ ਗੈਸ, ਪੈਟਰੋਲੀਅਮ ਅਤੇ ਵਪਾਰ ਪ੍ਰਮੁੱਖ ਹਨ। ਦੋਵਾਂ ਆਗੂਆਂ ਵਿਚਾਲੇ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ 'ਤੇ ਵੀ ਚਰਚਾ ਕੀਤੀ ਗਈ।
ਇਸ ਤੋਂ ਪਹਿਲਾਂ ਮੋਦੀ ਦਾ ਰੂਸ, ਦੀ ਤੀਜੀ ਦੋਪਾਸੜ ਯਾਤਰਾ 'ਤੇ ਵਲਾਦੀਵੋਸਤੋਕ ਦੇ ਹਵਾਈ ਅੱਡੇ ਉਤੇ ਪੁੱਜਣ ਸਮੇਂ ਸ਼ਾਨਦਾਰ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਨੂੰ ਗਾਰਡ ਆਫ ਆਨਰ ਪੇਸ਼ ਕੀਤਾ ਗਿਆ। ਮੋਦੀ ਰੂਸ ਦੇ ਇਸ ਪੂਰਬੀ ਖੇਤਰ ਦੇ ਸ਼ਹਿਰ ਦਾ ਦੌਰਾ ਕਰਨ ਵਾਲੇ ਭਾਰਤ



ਦੇ ਪਹਿਲੇ ਪ੍ਰਧਾਨ ਮੰਤਰੀ ਹਨ। ਮੋਦੀ ਨੇ ਦੋਵਾਂ ਦੇਸ਼ਾਂ ਵਿਚਾਲੇ ਰਣਨੀਤਕ ਭਾਈਵਾਲੀ ਨੂੰ ਹੋਰ ਵਧਾਉਣ ਲਈ ਰਾਸ਼ਟਰਪਤੀ ਪੂਤਿਨ ਦੇ ਯਤਨਾਂ ਦੀ ਸ਼ਲਾਘਾ ਕੀਤੀ। ਮੋਦੀ ਨੇ ਰੂਸ ਦਾ ਸਰਬਉਚ ਗੈਰ-ਫੌਜੀ ਪੁਰਸਕਾਰ ਉਨ੍ਹਾਂ ਨੂੰ ਪ੍ਰਦਾਨ ਕਰਨ ਲਈ ਰਾਸ਼ਟਰਪਤੀ ਪੂਤਿਨ ਅਤੇ ਰੂਸ ਦੇ ਲੋਕਾਂ ਦਾ ਧੰਨਵਾਦ ਕੀਤਾ।
